ਰਾਜਨੀਤਕ ਪ੍ਰਤਿਬੱਧਤਾ ਦਾ ਕਵੀ ਹਰਭਜਨ ਸਿੰਘ ਹੁੰਦਲ

ਡਾ. ਕਰਮਜੀਤ ਸਿੰਘ

ਹਰਭਜਨ ਸਿੰਘ ਹੁੰਦਲ ਪ੍ਰਤਿਬੱਧ ਕਵੀ ਹੈ। ਪ੍ਰਤਿਬੱਧ, ਮਾਰਕਸਵਾਦੀ ਵਿਚਾਰਧਾਰਾ ਪ੍ਰਤਿ। ਇਸੇ ਵਿਚਾਰ ਨਾਲ਼ ਪ੍ਰਤਿਬੱਧਤਾ ਕਾਰਣ ਉਹ ਜੁੜਿਆ ਹੋਇਆ ਹੈ ਆਮ ਲੋਕਾਂ ਨਾਲ਼। ਉਨ੍ਹਾਂ ਆਮ ਲੋਕਾਂ ਨਾਲ਼ ਜੋ ਦੁਖੜੇ ਸਹਿੰਦੇ ਹਨ ਤੇ ਜ਼ੁਲਮ ਸਹਾਰਦੇ ਹਨ। ਉਨ੍ਹਾਂ ਲੋਕਾਂ ਨਾਲ਼ ਜੋ ਹੱਥੀਂ ਕੰਮ ਕਰਦੇ ਹਨ ਫਿਰ ਵੀ ਭੁੱਖੇ ਮਰਦੇ ਹਨ। ਇਨ੍ਹਾਂ ਲੋਕਾਂ ਦੇ ਹੱਕ ਵਿਚ ਤੇ ਇਨ੍ਹਾਂ ਦੇ ਹੱਕ ਦੀ ਰਾਜਨੀਤੀ ਨਾਲ਼ ਖਲੋਣਾ ਹੀ ਹੁੰਦਲ਼ ਦੀ ਪ੍ਰਤਿਬੱਧਤਾ ਹੈ। ਕਈ ਲੋਕਾਂ ਲਈ ਪ੍ਰਤਿਬੱਧਤਾ ਗਲ਼ ਪਏ ਢੋਲ ਵਰਗੀ ਹੋ ਸਕਦੀ ਹੈ ਪਰ ਕਈਆਂ ਲਈ ਇਹ ਆਕਾਸ਼ਾਂ ਜਿੰਨੀ ਵਿਸ਼ਾਲ ਵੀ ਹੋ ਸਕਦੀ ਹੈ ਜਿਸ ਵਿਚ ਉਨ੍ਹਾਂ ਨੂੰ ਤਾਰੀਆਂ ਲਾਉਣ ਦੀ ਜਾਚ ਹੈ। ਉਹ ਯਥਾਰਥ ਦੇ ਘੋੜੇ ਤੇ ਸਵਾਰ ਕਲਪਨਾ ਦੇ ਦਿਸਹੱਦਿਆਂ ਨੂੰ ਛੋਹ ਸਕਦੇ ਹਨ। ਇਨ੍ਹਾਂ ਲਈ ਪ੍ਰਤਿਬੱਧਤਾ ਗਲ਼ ਦਾ ਢੋਲ ਨਹੀਂ ਸਗੋਂ ਧਰਤੀ ਨਾਲ਼ ਜੁੜੇ ਰਹਿਣ ਦਾ ਸਾਧਨ ਹੈ। ਹੁੰਦਲ ਇਨ੍ਹਾਂ ਸਾਹਿਤਕਾਰਾਂ ਵਿਚੋਂ ਇਕ ਹੈ।

ਪ੍ਰਤਿਬੱਧਤਾ ਨੂੰ ਨਿੰਦਣ ਪਿੱਛੇ ਕਲਾਕਾਰ ਦਾ ਮੂਜ਼ੀਪੁਣਾ ਵੀ ਛਿਪਿਆ ਹੁੰਦਾ ਹੈ। ਇਸ ਤੋਂ ਬਗ਼ੈਰ ਉਹ ਕਦੇ ਵੀ ਤੇ ਕਿਤੇ ਵੀ ਛਾਲ਼ ਮਾਰ ਕੇ ਉਪਰਲਿਆਂ ਦੀ ਗੋਦੀ ਵਿਚ ਬੈਠ ਸਕਦਾ ਤੇ ਕਦੇ ਵੀ ਟਪੂਸੀ ਮਾਰ ਕੇ ਹੇਠਲਿਆਂ ਨਾਲ਼ ਹੇਜ ਜਤਾ ਸਕਦਾ ਹੈ। ਇਉਂ ਉਹ ਆਪਣੇ ''ਵਕਤਸ਼ਨਾਸ'' ਹੋਣ ਦਾ ਮਾਣ ਵੀ ਕਰ ਸਕਦਾ ਹੈ। ਅਸਲ ਵਿਚ ਪ੍ਰਤਿਬੱਧਤਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਇਸ ਲਈ ਇਕ ਪ੍ਰਕਾਰ ਦੇ ਅਨੁਸ਼ਾਸਨ ਦੀ ਮੰਗ ਕੀਤੀ ਜਾਂਦੀ ਹੈ। ਇਸ ਲਈ ਕੁਰਬਾਨੀ ਦੇਣ ਦੀ ਵੀ ਲੋੜ ਪੈਂਦੀ ਹੈ। ਜੋ ਸਾਹਿਤਕਾਰ ਕਿਸੇ ਵੀ ਅਨੁਸ਼ਾਸਨ ਵਿਚ ਰਹਿਣਾ ਨਹੀਂ ਚਾਹੁੰਦਾ ਤੇ ਕਿਸੇ ਤਰ੍ਹਾਂ ਦੀ ਕੁਰਬਾਨੀ ਵੀ ਨਹੀਂ ਕਰਨੀ ਚਾਹੁੰਦਾ ਪਰੰਤੂ ਹਰੀ ਅੰਗੂਰੀ ਜ਼ਰੂਰ ਚਰਨੀ ਚਾਹੁੰਦਾ ਹੈ ਉਸ ਲਈ ਪ੍ਰਤਿਬੱਧਤਾ ਸਚੁਮੱਚ ਬਹੁਤ 'ਮਾੜੀ' ਚੀਜ਼ ਹੈ। ਆਪਣੇ ਮੂਜ਼ੀਪੁਣੇ ਨੂੰ ਬਚਾਉਣ ਲਈ ਅਜਿਹੇ ਕਲਾਕਾਰਾਂ ਨੂੰ ਪ੍ਰਤਿਬੱਧਤਾ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਹੁਣ ਜਦ ਕਿ ਦੁਨੀਆਂ ਉੱਤਰਆਧੁਨਿਕਤਾ ਦਾ ਢੋਲ ਪਿੱਟ ਰਹੀ ਹੈ ਤਾਂ ਉਸ ਸਮੇਂ ਪ੍ਰਤਿਬੱਧ ਰਹਿਣਾ ਅਸਲੋਂ ਸੂਰਮਗਤੀ ਹੈ। ਅਤਿਵਾਦ ਦੇ ਸ਼ੁਰੂ ਦੇ ਦਿਨਾਂ ਵਿਚ ਤੇ ਸੋਵੀਅਤ ਸੰਘ ਦੇ ਟੁੱਟਣ ਤੋਂ ਬਾਦ ਤਾਂ ਜਿਵੇਂ ਪ੍ਰਤਿਬੱਧਤਾ ਦਾ 'ਕਾਲ਼' ਹੀ ਪੈ ਗਿਆ ਸੀ। ਇਨ੍ਹਾਂ ਸਮਿਆਂ ਵਿਚ ਵੀ ਜੋ ਥੋੜ੍ਹੇ ਬਹੁਤ ਬਚੇ ਰਹਿ ਗਏ ਹੁੰਦਲ ਉਨ੍ਹਾਂ ਸੂਰਮਿਆਂ ਵਿਚੋਂ ਇਕ ਹੈ।

ਜਿਸ ਦੌਰ ਵਿਚੋਂ ਅਸੀਂ ਗੁਜ਼ਰ ਰਹੇ ਹਾਂ ਉਸ ਵਿਚ ਸਾਹਿਤ ਵੀ 'ਵਿਤੀ ਪੂੰਜੀ' ਵਿਚ ਪਰਿਵਰਤਿਤ ਹੋਣ ਜਾ ਰਿਹਾ ਹੈ। ਅਜਿਹੇ ਸਮੇਂ ਵਿਚ ਪ੍ਰਤਿਬੱਧਤਾ ਦਾ ਅਰਥ ਹੋਰ ਵੀ ਵੱਡਾ ਹੈ। ਮਾਰਕਸ ਤੇ ਏਂਗਲਜ਼ ਨੇ ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਦੇ ਸ਼ੁਰੂ ਵਿਚ ਹੀ ਬੁਰਜੁਆਜ਼ੀ ਦੀ ਬੇਕਿਰਕ ਸ਼ਕਤੀ ਨੂੰ ਅੰਗਦਿਆਂ ਕਿਹਾ ਹੈ ਕਿ ਇਸ ਨੇ ਕਵਿਤਾ ਸਮੇਤ ਸਾਰੇ ਕਿੱਤਿਆਂ ਨੂੰ ਉਜਰਤੀ ਕੰਮ ਵਿਚ ਬਦਲ ਕੇ ਰੱਖ ਦਿੱਤਾ ਹੈ। ''ਬੁਰਜੁਆਜ਼ੀ ਨੇ ਹਰ ਉਸ ਕਿੱਤੇ ਦੇ ਦੁਆਲ਼ਿਉਂ ਉਸਦਾ ਆਭਾ-ਮੰਡਲ ਲਾਹ ਮਾਰਿਆ ਹੈ, ਜਿਸਦਾ ਹੁਣ ਤਕ ਸਤਿਕਾਰ ਕੀਤਾ ਜਾਂਦਾ ਸੀ ਅਤੇ ਜਿਸ ਵਲ ਆਦਰ ਭਾਵੀ ਸਹਿਮ ਨਾਲ਼ ਦੇਖਿਆ ਜਾਂਦਾ ਸੀ। ਇਸ ਨੇ ਡਾਕਟਰ, ਵਕੀਲ, ਪਾਦਰੀ, ਕਵੀ ਅਤੇ ਵਿਗਿਆਨਕ ਨੂੰ ਤਨਖਾਹ ਲੈਣ ਵਾਲ਼ੇ ਉਜਰਤੀ ਕਾਮੇ ਵਿਚ ਬਦਲ ਦਿੱਤਾ ਹੇ।'' ਇਹ ਕਥਨ ਉਨੀਵੀਂ ਸਦੀ ਦੇ ਅੱਧ ਦਾ ਹੈ ਪਰੰਤੂ ਇਸਦਾ ਇਹ ਅਰਥ ਨਹੀਂ ਕਿ ਇਹ ਦਾਰਸ਼ਨਿਕ ਆਉਣ ਵਾਲੀਆਂ ਸਦੀਆਂ ਨੂੰ ਨਹੀਂ ਸਨ ਦੇਖ ਰਹੇ। ਉਨ੍ਹਾਂ ਅਨੁਸਾਰ ਉਤਪਾਦਨ ਦੇ ਸੰਦਾਂ ਵਿਚ ਲਗਾਤਾਰ ਇਨਕਲਾਬ ਲਿਆਏ ਬਿਨਾਂ ਅਤੇ ਇਉਂ ਉਤਪਾਦਨ ਦੇ ਸੰਬੰਧਾਂ ਵਿਚ ਲਗਾਤਾਰ ਇਨਕਲਾਬ ਲਿਆਏ ਬਿਨਾਂ ਬੁਰਜੁਆਜ਼ੀ ਜਿਉਂਦੀ ਨਹੀਂ ਰਹਿ ਸਕਦੀ।'' ਬੁਰਜੁਆਜ਼ੀ ਨੇ ਵਿੱਤੀ ਪੂੰਜੀ ਦਾ ਇਨਕਲਾਬ ਲਿਆਂਦਾ, ਸੂਚਨਾ ਤੇ ਤਕਨਾਲੋਜੀ ਵਿਚ ਬੇਤਹਾਸ਼ਾ ਇਨਕਲਾਬ ਲਿਆਂਦਾ ਤੇ ਅੱਜ ਇਹ ਨਵਸਾਮਰਾਜਵਾਦੀ ਦੌਰ ਵਿਚ ਦਾਖਲ ਹੋ ਚੁੱਕੀ ਹੈ।

ਉਪਰੋਕਤ ਅਨੁਕੂਲ ਸਮਾਜਿਕ ਰਿਸ਼ਤੇ ਬਣ ਰਹੇ ਹਨ, ਉਪਭੋਗਤਾਵਾਦ ਨੂੰ ਸਿਖਰ ਤੇ ਪਹੁੰਚਾਇਆ ਜਾ ਰਿਹਾ ਹੈ। ਅਜਿਹੇ ਦੌਰ ਵਿਚ ਪ੍ਰਤਿਬੱਧ ਰਹਿਣਾ ਹੀ ਆਪਣੇ ਆਪ ਵਿਚ ਚੁਣੌਤੀ ਹੈ। ਫਿਰ ਪ੍ਰਤਿਬੱਧਤਾ ਕੋਈ ਇਕ ਦਿਨ ਦੀ ਤਾਂ ਨਹੀਂ ਹੁੰਦੀ। ਆਏ ਦਿਨ ਗੁੰਝਲ਼ਦਾਰ ਸਥਿਤੀਆਂ ਵਿਚੋਂ ਗੁਜ਼ਰ ਰਹੀ ਲੁਕਾਈ ਦਾ ਵਿਸ਼ਲੇਸ਼ਣ ਕਰਨਾ ਤੇ ਕਿਸੇ ਇਕ ਧਿਰ ਨਾਲ਼ ਖੜਨਾ ਕਾਫ਼ੀ ਤਿਲਕਣ ਬਾਜ਼ੀ ਵਾਲ਼ਾ ਕੰਮ ਹੈ।

ਹੁੰਦਲ਼ ਵੀ ਇਨ੍ਹਾਂ ਬਿਖੜੇ ਪੈਂਡਿਆਂ ਤੋਂ ਅਣਜਾਣ ਨਹੀਂ। ਉਹ ਯਥਾਰਥ ਤੋਂ ਭੱਜਣ ਵਾਲ਼ਿਆਂ ਵਿਚੋਂ ਨਹੀਂ। ਇਕ ਥਾਂ ਉਹ ਲਿਖਦਾ ਹੈ, ''ਮੈਂ ਗ਼ਜ਼ਲ ਦੇ ਅਜੇਹੇ ਮਹਾਂ-ਰਥੀਆਂ ਦੀ ਰਾਇ ਨੂੰ ਰੱਦ ਕਰਨ ਲਈ ਨਹੀਂ ਲਿਖਦਾ ਤੇ ਨਾ ਹੀ ਮੈਨੂੰ ਉਨ੍ਹਾਂ ਉਸਤਾਦਾਂ ਨਾਲ਼ ਕੋਈ ਵਾਸਤਾ ਹੈ ਜਿਹੜੇ ਗ਼ਜ਼ਲ ਦੇ ਰੂਪ ਵਿਧਾਨ ਅਥਵਾ ਸ਼ਿਲਪ ਦੇ ਤਾਂ ਬੜੇ ਉਸਤਾਦ ਹਨ ਪਰ ਸਮਕਾਲੀ ਸਮਾਜ ਵਿਚਲੀਆਂ ਸ੍ਰੇਣਕ ਵਿਰੋਧਤਾਈਆਂ ਅਤੇ ਚੁਣੌਤੀਆਂ ਨੂੰ ਵੇਖਣ ਸਮਝਣ ਅਤੇ ਜੁਅਰਤ ਨਾਲ਼ ਕਾਵਿ ਪੱਧਰ ਤੇ ਪ੍ਰਗਟਾਉਣ ਤੋਂ ਅਸਮਰੱਥ ਹਨ ਜਾਂ ਫਿਰ ਜਾਣ ਬੁੱਝ ਕੇ ਕਲਾ ਨੂੰ ਸਮਾਜੀ ਮਨੋਰਥ ਲਈ ਵਰਤਣ ਦੇ ਬਿਖੜੇ ਮਾਰਗ ਤੇ ਤੁਰਨ ਤੋਂ ਇਨਕਾਰੀ ਹਨ।''

ਪ੍ਰਤਿਬੱਧਤਾ ਦਾ ਅਰਥ ਕਿਸੇ ਪ੍ਰਗਤੀਵਾਦੀ ਪਾਰਟੀ ਨਾਲ਼ ਜੁੜੇ ਹੋਣ ਤੋਂ ਵੀ ਲਿਆ ਜਾਂਦਾ ਹੈ। ਪਾਰਟੀ ਨਾਲ਼ ਜੁੜਨ ਦੀਆਂ ਆਪਣੀਆਂ ਸੀਮਾਵਾਂ ਤੇ ਸੰਭਾਵਨਾਵਾਂ ਹਨ। ਕਿਸੇ ਪਾਰਟੀ ਨਾਲ਼ ਜੁੜ ਕੇ ਹੀ ਸਾਹਿਤਕਾਰ ਨੂੰ ਇਹ ਅਹਿਸਾਸ ਹੋਣ ਦੀ ਸੰਭਾਵਨਾ ਹੈ ਕਿ ਲੋਕਾਂ ਨੂੰ ਇਕ-ਜੁੱਟ ਕਰਨਾ ਕਿੰਨਾ ਮੁਸ਼ਕਲ ਕੰਮ ਹੈ। ਦੁਸ਼ਮਣ ਦੀਆਂ ਚਾਲਾਂ ਨੂੰ ਪਹਿਚਾਣਦੇ ਹੋਇਆਂ ਲੋਕ-ਪੱਖੀ ਪੈਂਤੜੇ ਕਿਵੇਂ ਉਸਰਦੇ ਹਨ ਇਸ ਦਾ ਸ਼ਿੱਦਤ ਨਾਲ਼ ਅਹਿਸਾਸ ਵੀ ਪਾਰਟੀ ਦੇ ਅੰਦਰ ਹੀ ਸਹੀ ਰੂਪ ਵਿਚ ਹੋਣ ਦੀ ਸੰਭਾਵਨਾ ਹੈ। ਪਰ ਪਾਰਟੀਆਂ ਵਿਚ ਸਭ ਕੁਝ ਠੀਕ ਹੀ ਚਲ ਰਿਹਾ ਹੋਵੇ ਇਹ ਵੀ ਜ਼ਰੂਰੀ ਨਹੀਂ ਹੈ। ਅੰਦਰੂਨੀ ਵਿਰੋਧਤਾਈਆਂ ਦਾ ਪਾਰਟੀ ਦੀਆਂ ਅਦੰਰਲੀਆਂ ਸਫ਼ਾਂ ਵਿਚ ਵਿਚਾਰ ਵਟਾਂਦਰਾ ਹੁੰਦਾ ਰਹਿੰਦਾ ਹੈ। ਪਾਰਟੀ ਦੀ ਅੰਦਰਲੀ 'ਡੈਮੋਕਰੇਸੀ' ਦਾ ਜਦੋਂ ਸਾਹਿਤਕਾਰ ਉਪਰ ਪ੍ਰਭਾਵ ਪੈਂਦਾ ਹੈ ਤਾਂ ਨਵੀਂ ਤਰ੍ਹਾਂ ਦੀ ਕਵਿਤਾ ਦੀ ਆਮਦ ਨੂੰ ਰੋਕਿਆ ਨਹੀਂ ਜਾ ਸਕਦਾ। ਕਵੀ ਤੇ ਸਾਹਿਤਕਾਰ ਦੀ ਦਿੱਕਤ ਇਹ ਹੈ ਕਿ ਇਸ ਕਵਿਤਾ ਨੂੰ ਉਹ ਆਪਣੇ ਤਕ ਸੀਮਤ ਨਹੀਂ ਰੱਖ ਸਕਦਾ। ਇਸ ਨੇ ਪਾਠਕਾਂ ਤਕ ਅਵੇਰ-ਸਵੇਰ ਪਹੁੰਚਣਾ ਹੀ ਹੈ। ਇਥੋਂ ਹੀ ਸਾਹਿਤਕਾਰ ਦਾ ਪਾਰਟੀ ਨਾਲ਼ ਟਕਰਾ ਸ਼ੁਰੂ ਹੁੰਦਾ ਹੈ। ਇਸ ਟਕਰਾਅ ਕਾਰਣ ਹੀ ਸਾਹਿਤਕਾਰ ਨੂੰ ਬਹੁਤੀ ਵਾਰ ਪਾਰਟੀ ਤੋਂ ਵੱਖ ਵੀ ਹੋਣਾ ਪੈਂਦਾ ਹੈ।

ਹੁੰਦਲ ਦੀ ਪੁਸਤਕ ਮੁਖ਼ਬਰੀ ਕਰਦੇ ਦਿਨ ਦੀਆਂ ਬਹੁਤੀਆਂ ਕਵਿਤਾਵਾਂ ਅਜਿਹੇ ਸੰਕਟਾਂ ਨੂੰ ਹੀ ਸਾਹਮਣੇ ਲਿਆਉਂਦੀਆਂ ਹਨ। ਇਥੇ ਉਹ ਨਿੱਜੀ ਹਿੱਤ ਪਾਲਣ ਵਾਲ਼ੇ 'ਬਉਣੇ' ਆਗੂਆਂ ਨਾਲ਼ ਸਮਝੌਤਾ ਨਹੀਂ ਕਰ ਸਕਦਾ। ਇਨ੍ਹਾਂ ਆਗੂਆਂ ਦੀ ਹੋਂਦ ਕਾਰਣ ਊਚੇ ਭਵਨਾਂ ਨੂੰ ਵੀ ਉਦਾਸ ਵਿਖਾਇਆ ਗਿਆ ਹੈ। ਅਜਿਹੇ ਆਗੂਆਂ ਸਾਹਮਣੇ ਪੇਸ਼ ਹੋਣਾ ਉਸਨੂੰ ਗਵਾਰਾ ਨਹੀਂ ਹੈ। ਧਮਕੀਆਂ ਸਾਹਮਣੇ ਕਵੀ ਇਉਂ ਬੋਲਦਾ ਹੈ ਜਿਵੇਂ ਉਹ ਹਿਟਲਰ ਸਾਹਵੇਂ ਬੋਲ ਰਿਹਾ ਹੋਵੇ।

-ਕਵੀ ਮਰ ਸਕਦਾ ਹੈ
ਪਰ ਕਵਿਤਾ ਨਹੀਂ
ਕਿੰਜ ਕਤਲ ਕਰੋਗੇ ਕਵਿਤਾ ਨੂੰ ਤੁਸੀਂ
ਅਦਾਲਤ ਚੁੱਪ ਸੀ
ਤੇ ਇਕ ਪ੍ਰਸ਼ਨ ਨੱਚਦਾ ਪਿਆ ਸੀ
ਕਵੀ ਦੇ ਬੁਲ੍ਹਾਂ ਤੇ

-ਮਰਦੀ ਨਹੀਂ ਹੈ ਕਵਿਤਾ

ਸਿਰਫ਼ ਲਾਠੀ ਤਿੜਕਦੀ ਹੈ
ਜਲਾਵਤਨ ਕਰ ਸਕਦੇ ਹੋ
ਕਵੀ ਨੂੰ ਤੁਸੀਂ
ਪਰ ਕਵਿਤਾ ਕਦੇ ਜਲਾਵਤਨ ਨਹੀਂ ਹੁੰਦੀ

ਹੁੰਦਲ਼ ਬਾਉਣੇ ਲੀਡਰਾਂ ਦੇ ਸਰਪ੍ਰਸਤਾਂ ਨੂੰ ਵੀ ਨਹੀਂ ਬਖ਼ਸ਼ਦਾ ਕਿਉਂਕਿ ਉਸ ਅਨੁਸਾਰ ਇਨ੍ਹਾਂ ਦੀ ਮਿਹਰਬਾਨੀ ਕਾਰਣ ਹੀ ਇਹ ਵੱਧ ਫੁੱਲ ਰਹੇ ਹਨ। ਨਾਲ਼ ਹੀ ਉਹ ਬੁਰਜੁਆ ਲੀਡਰਾਂ ਵਾਂਗ ਲੱਠਮਾਰ ਤੇ ਚਮਚੇ ਪਾਲ਼ ਰਹੇ ਹਨ।

–ਤਾਂ ਹੀ ਤਾਂ ਤੁਹਾਡੀ ਮਹਿਮਾ
ਦੂਰ ਦੂਰ ਤਕ ਫੈਲ ਚੁੱਕੀ ਹੇ।
ਸਰਹੱਦਾਂ ਤੋਂ ਉਰਾਰ
ਮਹਾਂਦੀਪਾਂ ਤੇ ਪਰਬਤਾਂ ਤੋਂ ਪਾਰ
ਕਰਾਂਤੀ ਪ੍ਰਮੀਆਂ ਵਿਚਕਾਰ!!
ਦਿੱਲੀ ਦਰਬਾਰ।

ਸਮੇਂਚੇ ਤੌਰ ਤੇ ਮੁਖਬਰੀ ਕਰਦੇ ਦਿਨ ਦੀਆਂ ਕਵਿਤਾਵਾਂ ਬਾਰੇ ਕਿਹਾ ਜਾ ਸਕਦਾ ਹੈ ਕਿ "ਇਹ ਕਵਿਤਾਵਾਂ ਖੱਬੀ ਰਾਜਨੀਤੀ ਦੀ ਨਿਘਾਰ ਦੀ ਅਵਸਥਾ ਉਪਰ ਡੂੰਘੀ ਚਿੰਤਾ ਦਾ ਪ੍ਰਗਟਾਵਾ ਹਨ। ਉਲਟੇ ਰੂਪ ਵਿਚ ਕਹਿਣਾ ਹੋਵੇ ਤਾਂ ਕਵੀ ਲੋਕਾਂ ਦੀ ਰਾਜਨੀਤੀ ਨੂੰ ਸਾਫ਼ ਸੁਥਰਿਆਂ ਦੇਖਣਾ ਚਾਹੁੰਦਾ ਹੈ। ਕਵੀ ਸਵੱਛ ਰਾਜਨੀਤੀ ਵਿਚ, ਸਿਆਣੇ ਆਗੂਆਂ ਦੀ ਅਗਵਾਈ ਵਿਚ ਤਾਂ ਚਲ ਸਕਦਾ ਹੈ ਪਰ ਉਹ ਦਰਬਾਰੀ ਦਹਿਸ਼ਤਗਰਦੀ ਨੂੰ ਕਦੇ ਵੀ ਸਹਿਣ ਨਹੀਂ ਕਰ ਸਕਦਾ। ਕਵੀ ਜੋ ਕੁਝ ਵੀ ਕਹਿ ਜਾਂ ਕਰ ਰਿਹਾ ਹੈ ਉਸਦਾ ਸਿੱਧਾ ਸਿੱਧਾ ਅਰਥ ਇਹ ਨਿਕਲ਼ਦਾ ਹੈ ਕਿ ਸਾਹਿਤਕਾਰ ਨੂੰ ਹਰ ਤਰ੍ਹਾਂ ਦੇ ਵਿਰੋਧ ਲਈ ਤਿਆਰ ਰਹਿਣਾ ਚਾਹੀਦਾ ਹੈ ਅਤੇ ਕਿਸੇ ਕਿਸਮ ਦੀਆਂ ਧਮਕੀਆਂ ਅੱਗੇ ਗੋਡੇ ਨਹੀਂ ਟੇਕਣੇ ਚਾਹੀਦੇ। ਇਹ ਧਮਕੀਆਂ ਸਜਿੱਉਂ ਖੱਬਿਉਂ ਕਿਤਿਉਂ ਵੀ ਹੋ ਸਕਦੀਆਂ ਹਨ।"

ਅਸਲ ਵਿਚ ਕੋਈ ਵੀ ਲੇਖਕ ਪਾਰਟੀ ਦੇ ਮੈਨੀਫੈਸਟੋ ਦੇ ਅਨੁਵਾਦ ਕਰਨ ਨਾਲ਼ ਵੱਡਾ ਨਹੀਂ ਹੁੰਦਾ। ਤੇ ਨਾਂ ਹੀ ਉਹ ਬਹੁਤੀ ਵਾਰੀ ਸਿਧਾਂਤ ਤੋਂ ਸਿੱਧੇ ਤੌਰ ਤੇ ਪ੍ਰਭਾਵਿਤ ਹੁੰਦਾ ਹੈ। ਪਾਰਟੀ ਦੀ ਕਲਪਨਾਸ਼ੀਲ ਲੀਡਰਸ਼ਿਪ ਲੇਖਕ ਤੋਂ ਇਹ ਆਸ ਵੀ ਨਹੀਂ ਰੱਖਦੀ। ਹਾਂ ਲੇਖਕ ਆਪ ਅਜਿਹਾ ਕੁਝ ਕਰਨ ਲੱਗ ਜਾਣ ਤਾਂ ਵੱਖਰੀ ਗੱਲ ਹੈ। ਕੋਈ ਲੇਖਕ ਇਸਦੇ ਹੱਕ ਵਿਚ ਲਿਖ ਵੀ ਸਕਦਾ ਹੈ। ਸ਼ੁਰੂ ਦੇ ਮਾਰਕਸਵਾਦੀ ਆਲੋਚਕ ਚੇਰਨੀਸ਼ੇਵਸਕੀ ਨੇ ਕਿਹਾ ਹੈ ਕਿ ਜੇ ਲੇਖਕ ਪਾਰਟੀ ਵਲੋਂ ਤੈਅ ਕੀਤੇ ਏਜੰਡੇ ਦੀਆਂ ਨਵੀਆਂ ਸੰਭਾਵਨਾਵਾਂ ਤਲਾਸ਼ ਨਹੀਂ ਕਰਦਾ ਤਾਂ ਉਸਦੀ ਲਿਖਤ ਪਾਰਟੀ ਦੇ ਕਿਸੇ ਕੰਮ ਦੀ ਨਹੀਂ। ਹੁੰਦਲ ਦੇ ਆਪਣੇ ਬਿਆਨ ਅਨੁਸਾਰ ਉਸਨੇ ਰਾਜਸੀ ਮਿੱਤਰਾਂ ਦੀ ਗੱਲ ਨੂੰ ਤਾਂ ਹੀ ਪ੍ਰਵਾਨ ਕੀਤਾ ਹੈ ਜੇ ਕਰ ਉਹ ਆਪਣੀ ਰਚਨਾ ਪ੍ਰਕ੍ਰਿਆ ਵਿਚ ਉਸਨੂੰ ਢਾਲ਼ ਸਕਿਆ ਹੈ। ਜੇ ਉਹ ਇਸ ਤਰ੍ਹਾਂ ਨਹੀਂ ਵੀ ਕਰ ਸਕਿਆ ਤਾਂ ਵੀ ਸਿਆਣੇ ਰਾਜਸੀ ਮਿੱਤਰਾਂ ਨੇ ਇਸ ਦਾ ਬੁਰਾ ਨਹੀਂ ਮਨਾਇਆ। ਇਸ ਤਰ੍ਹਾਂ ਅੰਤਮ ਨਿਰਣਾ ਲੇਖਕ ਦੇ ਹੱਥ ਹੈ, ਪਾਰਟੀ ਜਾਂ ਸਿਧਾਂਤ ਦੇ ਹੱਥ ਨਹੀਂ।

ਹੁੰਦਲ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਜੋ ਕੁਝ ਕਰਦਾ ਜਾਂ ਕਹਿੰਦਾ ਹੈ ਉਸ ਬਾਰੇ ਸੁਚੇਤ ਹੈ। ਆਪਣੀ ਰਾਜਸੀ ਪ੍ਰਤਿਬੱਧਤਾ ਬਾਰੇ ਵੀ ਉਹ ਕਿਸੇ ਧੁੰਦੂਕਾਰੇ ਵਿਚ ਨਹੀਂ। ਅਨੁਭਵਾਂ ਦੀ ਪੁਨਰ ਸਿਰਜਣਾ ਬਾਰੇ ਵੀ ਉਸਦੀ ਸਪੱਸ਼ਟਤਾ ਦੇਖਣ ਵਾਲ਼ੀ ਹੈ। "ਰਾਜਨੀਤਕ ਘਟਨਾਵਾਂ ਤੇ ਫੈਸਲਿਆਂ ਦਾ ਸਾਡੇ ਜੀਵਨ ਤੇ ਡੂੰਘਾ ਪ੍ਰਭਾਵ ਪੈਂਦਾ ਹੈ। ਹਰ ਚੇਤੰਨ ਕਵੀ ਆਰਥਿਕ, ਸਮਾਜਿਕ ਤੇ ਰਾਜਨੀਤਕ ਹਾਲਤਾਂ ਬਾਰੇ ਸੋਚਦਾ, ਮਹਿਸੂਸਦਾ ਤੇ ਵਿਅਕਤੀ ਮਨਾਂ ਉੱਤੇ ਪਏ ਇਹਨਾਂ ਪ੍ਰਭਾਵਾਂ ਬਾਰੇ ਲਿਖਦਾ ਹੈ। ਪਰ ਕਵਿਤਾ ਵਿਚ

ਰਾਜਨੀਤਕ ਘਟਨਾਵਾਂ ਦਾ ਹੂ-ਬਹੂ ਯਾਂਤਰਿਕ ਰੁਪਾਂਰਣ ਨਹੀਂ ਹੁੰਦਾ ਜਾਂ ਨਹੀਂ ਹੋਣਾ ਚਾਹੀਦਾ। ਰਾਜਨੀਤਕ ਸੂਝ ਕਵੀ ਨੂੰ ਆਪਣੇ ਆਲ਼ੇ ਦੁਆਲ਼ੇ ਨੂੰ ਠੀਕ ਭਾਂਤ ਸਮਝਣ ਵਿਚ ਸਹਾਈ ਹੁੰਦੀ ਹੈ। ਕਵੀ ਹਰ ਵਾਪਰੇ ਰਾਜਨੀਤਕ ਵਰਤਾਰੇ ਤੇ ਘਟਨਾ ਦੀ ਪੁਨਰਸਿਰਜਣਾ ਕਰਦਾ ਹੈ। ਵਾਪਰੀ ਘਟਨਾ ਉੱਤੇ ਲਿਖਦਿਆਂ ਉਸ ਘਟਨਾ ਦੇ ਕਈ ਪੱਖ ਰੱਖਣੇ ਤੇ ਕਈ ਰੱਦ ਕਰਨੇ ਹੁੰਦੇ ਹਨ। ਉਹਨੇ ਕਿਸੇ ਸਾਹਿਤਕ ਅਥਵਾ ਕਲਾਤਮਿਕ ਬਿੰਬ ਦੀ ਸਿਰਜਣਾ ਕਰਕੇ ਆਪਣੀ ਰਾਜਨੀਤੀ ਉਸ ਰਾਹੀਂ ਪ੍ਰਗਟ ਕਰਨੀ ਹੈ ਤੇ ਜਿਵੇਂ ਏਂਗਲਜ਼ ਨੇ ਇਕ ਥਾਂ ਕਿਹਾ ਹੈ ਕਿ ਲੇਖਕ ਦੀ ਰਾਜਨੀਤੀ ਰਚਨਾ ਵਿਚ ਕਲਾਤਮਿਕਤਾ ਦੇ ਪਰਦੇ ਹੇਠ ਹੋਣੀ ਚਾਹੀਦੀ ਹੈ। ਸਪਾਟ ਬਿਆਨੀ ਨੰਗਾ ਪਰਚਾਰ ਤੇ ਘਟਨਾਵਾਂ ਦਾ ਯਾਂਤਰਿਕ ਉਤਾਰਾ ਅਥਵਾ ਰੁਪਾਂਤਰਣ ਚੰਗੇ ਸਾਹਿਤ ਦੇ ਲੱਛਣ ਨਹੀਂ ਹੁੰਦੇ। ਸਾਹਿਤਕ ਬਿੰਬ ਦੀ ਸਿਰਜਣਾ ਵਿਚ ਲੇਖਕ ਦੀ ਪ੍ਰਤਿਭਾ, ਉਸਦੀ ਕਲਪਣਾ,ਉਸਦੇ ਡੂੰਘੇ ਅਨੁਭਵ ਦਾ ਵੱਡਾ ਹੱਥ ਹੁੰਦਾ ਹੈ ਤੇ ਰਚਨਾ ਨੂੰ ਅਰਥ ਭਰਪੂਰ ਬਣਾਉਣਾ ਹੈ, ਲੇਖਕ ਦੇ ਦ੍ਰਿਸ਼ਟੀਕੋਣ ਨੇ ਅਥਵਾ ਵਿਚਾਰਧਾਰਕ ਸੂਝ ਨੇ।''

ਹਰਭਜਨ ਸਿੰਘ ਹੁੰਦਲ ਆਪਣੇ ਅਧਿਆਪਨ ਕਾਲ ਤੋਂ ਹੀ ਪ੍ਰਤਿਬੱਧ ਦਿਖਾਈ ਦਿੰਦਾ ਹੈ। ਉਹ ਸਿਧਾਂਤਕ ਪ੍ਰਤਿਬੱਧਤਾ ਵਿਚ ਹੀ ਵਿਸ਼ਵਾਸ ਨਹੀਂ ਰੱਖਦਾ ਸਗੋਂ ਵਿਹਾਰਕ ਪੱਧਰ ਤੇ ਵੀ ਲੋਕਾਂ ਨੂੰ ਇਕਜੁੱਟ ਕਰਨ ਲਈ ਖੱਬੀ ਰਾਜਨੀਤੀ ਵਿਚ ਪ੍ਰਵੇਸ਼ ਕਰਦਾ ਹੈ। ਉਹ ਉਨ੍ਹਾਂ 'ਢਾਡੀਆਂ' ਵਿਚੋਂ ਨਹੀਂ ਜੋ ਮੋਇਆਂ ਦੀਆਂ ਵਾਰਾਂ ਗਾਉਣਾ ਜਾਣਦੇ ਹਨ ਪਰ ਆਪ ਮਰਨ ਵਿਚ ਯਕੀਨ ਨਹੀਂ ਕਰਦੇ। ਹਰਭਜਨ ਸਿੰਘ ਹੁੰਦਲ਼ ਇਨਸਾਫ਼ ਲਈ ਲੜੇ ਜਾਂਦੇ ਸੰਘਰਸ਼ਾਂ ਵਿਚ ਸ਼ਾਮਲ ਹੁੰਦਾ ਹੈ ਤੇ ਜੇਲ੍ਹ ਵੀ ਜਾਂਦਾ ਹੈ। ਜੇਲ੍ਹ ਵਿਚ ਹੋਏ ਨਵੇਂ ਅਨੁਭਵਾਂ ਨੂੰ ਕਾਵਿ ਅਨੁਭਵ ਵਿਚ ਢਾਲ਼ਦਾ ਹੈ। ਅੱਠ ਮਹੀਨਿਆਂ ਦੀ ਜੇਲ੍ਹ ਯਾਤਰਾ ਦਾ ਅਨੁਭਵ ਹੁੰਦਲ਼ ਅਨੁਸਾਰ ਉਸ ਲਈ ਬੜਾ ਮੁੱਲਵਾਨ ਹੈ। "...ਇਸ ਅਨੁਭਵ ਨੇ ਮੇਰੀ ਕਵਿਤਾ ਦੀ ਦਸ਼ਾ ਤੇ ਦਿਸ਼ਾ ਬਦਲ ਦਿੱਤੀ, ਨਵਾਂ ਤੇ ਡੂੰਘਾ ਅਨੁਭਵ ਦਿੱਤਾ ਤੇ ਸੰਘਰਸ਼ ਦਾ ਰੰਗ ਚਾੜ੍ਹ ਦਿੱਤਾ। ਮੇਰੀ ਕਵਿਤਾ ਦਾ ਮੁੱਖ ਪਛਾਣ-ਚਿੰਨ੍ਹ ਸੰਘਰਸ਼ ਦੀ ਪ੍ਰੇਰਨਾ ਬਣ ਗਿਆ। ਅਨੁਭਵ ਦੀ ਵਿਲੱਖਣਤਾ ਨੇ ਸਪਾਟ ਬਿਆਨੀ ਨੂੰ ਘੱਟ ਕੀਤਾ ਤੇ ਦਿਸਦੇ ਯਥਾਰਥ ਦੀ ਯਾਂਤਰਿਕ ਪੇਸ਼ਕਾਰੀ ਤੋਂ ਤੁਰ ਕੇ ਲੁਕੇ ਅਥਵਾ ਅਣਦਿਸਦੇ ਯਥਾਰਥ ਦੀਆਂ ਪਰਤਾਂ ਤੀਕ ਜਾਣ ਦੀ ਜਾਚ ਦੱਸੀ। ਸੁਹਜ ਤੇ ਸੂਝ ਦਾ ਸੰਚਾਰ ਕੀਤਾ ਅਤੇ ਵਿਚਾਰਧਾਰਕ ਡੂੰਘਾਈ ਪ੍ਰਦਾਨ ਕੀਤੀ।''

ਪ੍ਰਯੋਗਵਾਦ ਭਾਵੇਂ ਯਥਾਰਥ ਦੇ ਬਦਲਣ ਨਾਲ਼ ਅਨੁਕੂਲ ਨਵੀਆਂ ਰੂਪ ਰਚਨਾਵਾਂ ਦੀ ਭਾਲ਼ ਦਾ ਦਾਅਵਾ ਕਰਦਾ ਹੈ ਪਰੰਤੂ ਅੰਤਿਮ ਤੌਰ ਤੇ ਉਹ ਮੱਧਵਰਗੀ ਜੀਵਨ ਦੀਆਂ ਵਿਸੰਗਤੀਆਂ ਨੂੰ ਪ੍ਰਗਟਾਉਣ ਤੱਕ ਹੀ ਸੀਮਤ ਰਿਹਾ। ਉਸਦੇ ਪ੍ਰਯੋਗ ਕੇਵਲ ਪ੍ਰਯੋਗ ਤਕ ਹੀ ਸੀਮਤ ਹੋ ਕੇ ਰਹਿ ਗਏ। ਨਵੀਂ ਬਿੰਬਾਵਲੀ ਤੇ ਨਵੀਨ ਵਿਅਕਤੀ-ਮੁਖੀ ਸ਼ਬਦਾਵਲੀ ਬਹੁਤਾ ਦੇਰ ਤਕ ਨਹੀਂ ਨਿਭ ਸਕੀ। ਮੂਲ਼ ਰੂਪ ਵਿਚ ਪ੍ਰਯੋਗਵਾਦੀ ਲਹਿਰ ਪ੍ਰਗਤੀਵਾਦ ਦੇ ਵਿਰੋਧ ਵਿਚ ਸੀ। ਹੁੰਦਲ ਇਸ ਲਹਿਰ ਦਾ ਵਿਸ਼ਲੇਸ਼ਣ ਕਰਨ ਉਪਰੰਤ ਇਸਨੂੰ ਯਥਾਰਥ ਤੋਂ ਭਾਂਜ ਦੀ ਲਹਿਰ ਕਹਿੰਦਾ ਹੈ। ਉਸਨੇ ਇਸ ਲਹਿਰ ਦੇ ਪ੍ਰਭਾਵ ਅਧੀਨ ਕੁਝ ਕਵਿਤਾਵਾਂ ਵੀ ਰਚੀਆਂ ਪਰੰਤੂ ਚਿਾਰਧਾਰਕ ਪੈਂਤੜੇ ਨੂੰ ਉਸ ਨੇ ਨਹੀਂ ਤਿਆਗਿਆ। ਹੁੰਦਲ ਲਈ ਉਹ ਲਹਿਰ ਕਾਰਗਰ ਹੈ ਜੋ ਯਥਾਰਥ ਨੂੰ ਉਸਦੀਆਂ ਤਮਾਮ ਵਿਰੋਧਤਾਈਆਂ ਸਹਿਤ ਪਕੜਨ ਦੇ ਯੋਗ ਹੋਵੇ। ਉਸ ਅਨੁਸਾਰ, "ਸਮਕਾਲੀ ਯਥਾਰਥ ਆਪਣੇ ਸਾਰੇ ਅੰਤਰ ਵਿਰੋਧਾਂ ਸਮੇਤ ਪੇਸ਼ ਕਰਨਾ ਕੋਈ ਆਸਾਨ, ਸਰਲ ਕਾਰਜ ਨਹੀਂ ਹੈ। ਤੀਸਰੇ ਜਗਤ ਦੇ ਦੇਸ਼ਾਂ ਵਿਚੋਂ ਸਮਾਜਿਕ ਨਿਆਂ, ਆਜ਼ਾਦੀ, ਅਮਨ ਤੇ ਮਨੁੱਖੀ ਸੁਤੰਤਰਤਾ ਦੇ ਪ੍ਰਸ਼ਨ ਪ੍ਰਮੁੱਖ ਹਨ। ਪ੍ਰਯੋਗਵਾਦੀਆਂ ਵਾਂਗ ਮੇਰੇ ਲਈ ਪ੍ਰਯੋਗ ਤੇ ਆਧੁਨਿਕਤਾ ਸਮਕਾਲੀ ਸਮਾਜਿਕ ਯਥਾਰਥ ਦੀ ਪੇਸ਼ਕਾਰੀ ਤੋਂ ਭੱਜਣ ਦਾ ਬਹਾਨਾ ਨਹੀਂ ਹਨ। ਜਿਹੜੀ ਵੀ ਸਾਹਿਤਕ ਸ਼ੈਲੀ ਅਨੁਭਵ ਪ੍ਰਣਾਲ਼ੀ ਜਾਂ ਕਲਾ ਜਗਤ ਇਸ ਯਥਾਰਥ ਨੂੰ ਆਪਣੇ ਅੰਤਰ- ਵਿਰੋਧਾਂ ਸਮੇਤ ਪ੍ਰਭਾਵਸ਼ਾਲੀ ਤੇ ਭਰਪੂਰ ਢੰਗ ਨਾਲ਼ ਪ੍ਰਗਟਾਉਣ ਵਿਚ ਸਹਾਈ ਹੁੰਦਾ ਹੈ, ਮੈਂ ਉਸਦਾ ਸਵਾਗਤ ਕਰਦਾ ਹਾਂ।''

ਹੁੰਦਲ ਦੇ ਆਪਣੇ ਕਥਨ ਅਨੁਸਾਰ ਉਸ ਵਲੋਂ ਨਕਸਲਵਾਦੀ ਪ੍ਰਭਾਵ ਹੇਠ ਲਿਖੀ ਕਵਿਤਾ ਦੇ ਦੋ ਪੜਾਅ ਹਨ। ਪਹਿਲਾ ਜੋ ਨਕਸਲਵਾਦੀ ਵਿਚਾਰਾਂ ਅਨੁਕੂਲ ਸੀ ਤੇ ਦੂਜਾ ਜਿਥੋਂ ਉਹ ਇਸ ਲਹਿਰ ਦਾ ਵਿਰੋਧ ਕਰਨਾ ਸ਼ੁਰੂ ਕਰਦਾ ਹੈ। ਨਕਸਲਵਾਦੀ ਲਹਿਰ ਦੀ

ਕਵਿਤਾ ਨੂੰ ਭਾਵੇਂ ਪ੍ਰਗਤੀਵਾਦੀ ਲਹਿਰ ਦੇ ਇਕ ਅਗਲੇਰੇ ਪੜਾਅ ਵਜੋਂ ਵੀ ਦੇਖਿਆ ਜਾਂਦਾ ਹੈ ਜਿਵੇਂ ਡਾ. ਕੇਸਰ ਸਿੰਘ ਕੇਸਰ ਨੇ ਦੇਖਿਆ ਹੈ।(ਬੇਸੁਰਾ ਮੌਸਮ ਵਿਚ ਮੈਂ ਇਸਦਾ ਸਮਰਥਨ ਕੀਤਾ ਹੈ) ਪਰ ਜੂਝਾਰਵਾਦੀ ਕਵਿਤਾ ਕਈ ਪੱਖਾਂ ਤੋਂ ਪ੍ਰਗਤੀਵਾਦ ਦਾ ਨਿਖੇਧ ਵੀ ਕਰਦੀ ਨਜ਼ਰ ਆਉਂਦੀ ਹੈ। ਜਿਵੇਂ ਇਹ ਲਹਿਰ ਅਸਲ ਵਿਚ ਮੱਧਵਰਗੀ ਬੁੱਧੀਜੀਵੀਆਂ ਵਿਚ ਵਧੇਰੇ ਪ੍ਰਵਾਨੀ ਗਈ ਪਰੰਤੂ "ਬੁੱਧੀਜੀਵੀ" ਸ਼ਬਦ ਨੂੰ ਇਸ ਲਹਿਰ ਨੇ ਗਾਲ਼ੀ ਦਾ ਦਰਜਾ ਦੁਆ ਦਿੱਤਾ। ਇਸਦਾ ਦੂਸਰਾ ਪੱਖ ਵਿਅਕਤੀਵਾਦੀ ਦਹਿਸ਼ਤਵਾਦ ਹੈ। ਇਹ ਇਕ ਤਰ੍ਹਾਂ ਨਾਲ਼ ਪ੍ਰਗਤੀਵਾਦ ਦੇ ਸਾਮੂਹਿਕਤਾ ਦਾ ਨਿਖੇਧ ਕਰਨ ਤਕ ਚਲਾ ਜਾਂਦਾ ਹੈ। ਇਸ ਲਹਿਰ ਦੇ ਅੰਦਰ ਵੀ ਇਹ ਵਿਚਾਰ ਟਕਰਾਉਂਦੇ ਨਜ਼ਰੀਂ ਪੈ ਜਾਂਦੇ ਹਨ। ਜਸਵੰਤ ਸਿੰਘ ਦੇ ਨਾਵਲ ਲਹੂ ਦੀ ਲੋਅ ਵਿਚ ਅਤੇ ਹੁਣੇ ਜਿਹੇ ਰਾਮ ਸਰੂਪ ਰਿਖੀ ਦੇ ਨਵੇਂ ਨਾਵਲ ਦੀਵਾ ਬੁੱਝਿਆ ਨਹੀਂ ਵਿਚ ਇਹ ਟਕਰਾ ਦੇਖਿਆ ਜਾ ਸਕਦਾ ਹੈ। ਇਸ ਵਿਰੋਧ ਨੂੰ ਬਹੁਤ ਦੇਰ ਬਾਦ ਪਛਾਣਿਆ ਗਿਆ ਹੈ। ਤੀਸਰਾ ਪੱਖ ਹੈ ਅਰਾਜਕਤਾਵਾਦ ਦਾ। ਇਹ ਲਹਿਰ 'ਢਾਹੁਣ' ਨੂੰ ਰੁਮਾਂਟਿਕ ਹੱਦ ਤਕ ਵਧਾ-ਚੜ੍ਹਾ ਕੇ ਪੇਸ਼ ਕਰਦੀ ਹੈ। ਨਵੇਂ ਸਮਾਜ ਦੀ ਉਸਾਰੀ ਲਈ ਪ੍ਰਮੁੱਖ ਏਜੰਡੇ ਦੀ ਇੱਥੇ ਘਾਟ ਨਜ਼ਰ ਆਉਂਦੀ ਹੈ। ਇਸੇ ਲਈ ਹਰ ਅਰਾਜਕਤਾਵਾਦ ਵਲ ਜਾਂ ਅਰਾਜਕਤਾਵਾਦੀ ਵਿਅਕਤੀ ਵਲ ਨਕਸਲਵਾਦ ਨਾਲ਼ ਜੁੜੇ ਕਾਰਕੁੰਨ ਉਲਾਰ ਦਿਖਾਈ ਦਿੰਦੇ ਹਨ। ਭਿੰਡਰਾਂਵਾਲੇ ਵਲ ਜਾਂ ਫਿਰ ਰਜਨੀਸ਼ਵਾਦ ਵਲ ਝੁਕਣ ਦਾ ਹੋਰ ਕੋਈ ਕਾਰਣ ਨਜ਼ਰ ਨਹੀਂ ਆਉਂਦਾ। ਪਿਛਲੇ ਦਿਨੀਂ ਮੇਰੀ ਇਕ ਨਕਸਲਵਾਦ ਨਾਲ਼ ਜੁੜੇ ਰਹਿ ਚੁੱਕੇ ਸਾਹਿਤਕਾਰ ਨਾਲ਼ ਬਹਿਸ ਹੋ ਪਈ। ਬਹਿਸ ਸੀ ਇਸਤ੍ਰੀ-ਮਰਦ ਦੇ ਸੰਬੰਧਾਂ ਨੂੰ ਲੈ ਕੇ, ਸੰਦਰਭ ਸੀ ਰਜਨੀਸ਼ ਦਾ। ਮੇਰਾ ਵਿਚਾਰ ਸੀ ਕਿ ਜਾਗੀਰਦਾਰੀ ਸੰਬੰਧਾਂ ਨੂੰ ਤੋੜਦਿਆਂ ਹੋਇਆਂ ਪ੍ਰਗਤੀਵਾਦੀਆਂ ਨੂੰ ਬੁਰਜੂਆ ਪਤਨਮੁਖੀ ਸੰਬੰਧਾਂ ਤੋਂ ਬਚ ਕੇ ਨਵੇਂ ਪ੍ਰਗਤੀਵਾਦੀ ਰਿਸ਼ਤੇ ਉਸਾਰਨੇ ਪੈਣਗੇ। ਪਰ ਉਸ ਲੇਖਕ ਦਾ ਕਹਿਣਾ ਸੀ ਕਿ ਪਰਿਵਾਰਕ ਢਾਂਚੇ ਨੂੰ ਇਕ ਬਾਰ ਤਾਂ ਤਹਿਸ-ਨਹਿਸ ਕਰ ਦੇਣਾ ਚਾਹੀਦਾ ਹੈ। ਨਵੇਂ ਜਦੋਂ ਬਣਨਗੇ ਉਦੋਂ ਦੇਖੇ ਜਾਣਗੇ। ਸਪੱਸ਼ਟ ਰੂਪ ਵਿਚ ਇਹ ਅਰਾਜਕਤਾਵਾਦੀ ਵਿਚਾਰ ਹਨ ਜਿਸ ਨਾਲ਼ ਘੱਟੋ ਘੱਟ ਮੇਰੇ ਅਨੁਸਾਰ ਪ੍ਰਗਤੀਵਾਦ ਦਾ ਕੋਈ ਲੈਣਾ ਦੇਣਾ ਨਹੀਂ ਹੈ।

ਹਰਭਜਨ ਸਿੰਘ ਹੁੰਦਲ਼ ਪ੍ਰਮੁੱਖ ਤੌਰ ਤੇ ਨਕਸਲਵਾਦ ਦੀ 'ਵਿਅਕਤੀਗਤ ਦਹਿਸ਼ਤਪਸੰਦੀ' ਨਾਲ਼ ਸੰਵਾਦ ਰਚਾਉਂਦਾ ਹੈ। ਉਸਦਾ ਇਹ ਸ਼ਿਅਰ ਤਾਂ ਪੰਜਾਬੀ ਜਗਤ ਵਿਚ ਅਖਾਣ ਵਾਂਗ ਵਰਤਿਆ ਜਾਂਦਾ ਹੈ ਕਿ,

ਤੀਰਾਂ ਤੇ ਤਲਵਾਰਾਂ ਉੱਤੇ ਮਾਣ ਬੜਾ ਸੀ ਕਰਦਾ
ਐਪਰ ਜਿੱਦਣ ਮਰਿਆ ਮਿਰਜ਼ਾ ਮਾਰਿਆ ਬਾਝ ਭਰਾਵਾਂ।

ਹੋਰ ਅਨੇਕਾਂ ਥਾਵਾਂ ਤੇ ਹੁੰਦਲ ਨੇ ਵੱਖਰੇ ਸ਼ਬਦਾਂ ਵਿਚ ਇਸ ਵਿਅਕਤੀਗਤ-ਦਹਿਸ਼ਤਗਰਦੀ ਦੀ ਕਾਵਿਕ ਆਲੋਚਨਾ ਕੀਤੀ ਹੈ।

ਤੈਨੂੰ ਡੌਲ਼ਿਆਂ ਦੇ ਉੱਤੇ ਹੋਇਆ ਮਾਣ ਸੀ ਬੜਾ
ਤੈਨੂੰ ਭੁੱਲ ਗਈ ਸੀ ਛੰਨਾਂ ਅਤੇ ਢਾਰਿਆਂ ਦੀ ਗੱਲ
ਤੈਨੂੰ ਆਪਣੀ ਹੀ ਸੋਚ ਸਹੀ ਲੱਗਦੀ ਰਹੀ
ਤੇਰੀ ਸੋਚ, ਬਸ ਸ਼ਬਦਾਂ ਕਰਾਰਿਆ ਦੀ ਗੱਲ
ਅਸਾਂ ਆਖਿਆ ਸੀ ਲੋੜ ਹੈ ਭਰਾਵਾਂ ਦੀ ਬੜੀ
ਤੈਨੂੰ ਆਈ ਨਾਪਸੰਦ ਪਰ ਸਾਰਿਆਂ ਦੀ ਗੱਲ

ਨਕਸਲਵਾਦ ਤੋਂ ਬਾਦ ਹੁੰਦਲ ਦੀ ਕਵਿਤਾ ਵਿਚ ਐਮਰਜੈਂਸੀ ਦੀ ਘਟਨਾ ਨੇ ਮਹੱਤਵਪੂਰਣ ਸਥਾਨ ਗ੍ਰਹਿਣ ਕੀਤਾ ਹੈ। ਐਮਰਜੈਂਸੀ ਨੂੰ ਇਕ ਖੱਬੀ ਪਾਰਟੀ ਦਾ ਸਮਰਥਨ ਵੀ ਮਿਲ਼ਿਆ ਜਿਸਨੂੰ ਬਾਦ ਵਿਚ ਇਕ ਗਲਤੀ ਸਵੀਕਾਰ ਕੀਤਾ ਗਿਆ। ਪਰੰਤੂ ਇਸ ਪਰਟੀ ਦੇ ਮੈਂਬਰਾਂ ਉਪਰ ਸੱਤਾ ਦੀ ਭਿਆਲ਼ੀ ਦਾ ਅਜਿਹਾ ਭੂਤ ਸਵਾਰ ਹੋਇਆ ਕਿ ਜੋ ਅੱਜ ਤਕ ਵੀ ਲੱਥਣ ਦਾ ਨਾਂ ਨਹੀਂ ਲੈਂਦਾ। ਹੁਣ ਤਾਂ ਇਹ ਬਿਗਾੜ ਦੂਜੀਆਂ ਖੱਬੀਆਂ ਧਿਰਾਂ ਵਿਚ ਵੀ ਆਪਣਾ ਪ੍ਰਭਾਵ ਦਿਖਾਉਣ ਲੱਗਾ ਹੈ। ਨਤੀਜੇ ਵਜੋਂ ਲੋਕਾਂ ਦੀ ਲਾਮਬੰਦੀ ਨੂੰ ਡਾਅਢਾ

ਨੁਕਸਾਨ ਹੋ ਰਿਹਾ ਹੈ। ਹੁੰਦਲ ਨੇ ਇਕ ਸਾਹਿਤਕਾਰ ਦੇ ਨਾਤੇ ਐਮਰਜੈਂਸੀ ਦਾ ਵਿਰੋਧ ਪੂਰੀ ਤਾਕਤ ਨਾਲ਼ ਕੀਤਾ ਜਿਸ ਲਈ ਉਸਨੂੰ ਜੇਲ ਵੀ ਜਾਣਾ ਪਿਆ। ਹੁੰਦਲ ਮੰਨਦਾ ਹੈ ਕਿ, "ਐਮਰਜੇਂਸੀ ਸਮੇਂ ਚਾਰ ਪੰਜ ਮਹੀਨਿਆਂ ਦੀ ਲਗਾਤਾਰ ਨਜ਼ਰਬੰਦੀ ਨੈ ਇਕ ਵੱਖਰੇ ਅੰਦਾਜ਼ ਵਿਚ ਮੈਨੂੰ ਪ੍ਰਭਾਵਿਤ ਕੀਤਾ। ਅਸਲ ਵਿਚ ਦੁੱਖਾਂ ਤਕਲੀਫ਼ਾਂ ਤੇ ਤਸੀਹਿਆਂ ਦਾ ਅਨੁਭਵ ਸਾਹਿਤ ਵਿਚ ਜਿਹੜੀ ਮੌਲਿਕਤਾ ਪ੍ਰਦਾਨ ਕਰਦਾ ਹੈ ਉਹ ਐਸ਼ ਆਰਾਮ ਦੇ ਜੀਵਨ ਵਿਚੋਂ ਨਹੀਂ ਹੁੰਦੀ। ਕਾਲ਼ੇ ਦਿਨ ਸੰਗ੍ਰਹਿ ਦੀਆਂ ਕਵਿਤਾਵਾਂ ਐਮਰਜੈਂਸੀ ਸਮੇਂ ਕਪੂਰਥਲਾ ਜੇਲ੍ਹ ਵਿਚ ਲਿਖੀਆਂ।" ਹੁੰਦਲ ਨੇ ਜਿਸ ਸਦੀਵੀ ਸੱਚ ਨੂੰ ਗ੍ਰਹਿਣ ਕੀਤਾ ਉਹ ਇਹ ਹੈ ਕਿ ਇਤਿਹਾਸ ਪਰਿਵਰਤਨਸ਼ੀਲ ਹੈ ਤੇ ਦਵੰਦ ਹਰ ਸਮੇਂ ਮੌਜੂਦ ਰਹਿੰਦਾ ਹੈ। ਇਹੀ ਕਾਰਣ ਹੈ ਕਿ ਆਉਣ ਵਾਲ਼ੇ ਸਮੈਂ ਵਿਚ ਉਸਦਾ ਵਿਸ਼ਵਾਸ ਕਦੇ ਵੀ ਨਹੀਂ ਡੋਲਿਆ। ਇਸੇ ਲਈ ਉਹ ਐਮਰਜੈਂਸੀ ਤੋਂ ਪਾਰ ਦੇਖਣ ਦੀ ਦ੍ਰਿਸ਼ਟੀ ਵੀ ਰੱਖਦਾ ਹੈ।

ਖ਼ੁਸ਼ਬੂ ਭਾਵੇਂ ਬੰਦ ਹੈ ਦੀਵਾਰਾਂ ਉਹਲੇ
ਫਿਰ ਵੀ ਸਾਂਝਾਂ ਰੱਖਦੀ ਹੈ ਨਾਲ਼ ਹਵਾਵਾਂ
ਸੂਰਜ ਨੇ ਤਾਂ ਲਿਸ਼ਕਣਾ ਅੱਗੋਂ ਜਾਂ ਪਿਛੋਂ
ਸੂਰਜ ਨੂੰ ਕੀ ਰੋਕਣਾ ਘਨਘੋਰ ਘਟਾਵਾਂ।

1977 ਵਿਚ ਐਮਰਜੇਂਸੀ ਹਟੀ ਤਾਂ 1978 ਵਿਚ ਵਿਸਾਖੀ ਵਾਲ਼ੇ ਦਿਨ ਤੋਂ ਪੰਜਾਬ ਦਾ ਚੌਦਾਂ ਸਾਲਾ ਸੰਤਾਪ ਸ਼ੁਰੂ ਹੋ ਜਾਂਦਾ ਹੈ। ਹੁੰਦਲ ਮੰਨਦਾ ਹੈ ਕਿ ਉਹ ਵਾਪਰੀ ਘਟਨਾ ਦਾ ਤੁਰੰਤ ਪ੍ਰਤਿਕਰਮ ਨਹੀਂ ਦੇ ਸਕਦਾ। ਉਸ ਲਈ ਵਾਪਰੀ ਘਟਨਾ ਬਾਰੇ ਸਪੱਸ਼ਟਤਾ ਜ਼ਰੂਰੀ ਹੈ। ਪੰਜਾਬ ਦੇ ਸੰਤਾਪ ਨਾਲ਼ ਜੁੜੇ ਸਵਾਲ ਤਾਂ ਕਿਸੇ ਸਾਹਿਤਕਾਰ ਦੀ ਸਮਝ ਵਿਚ ਵੀ ਨਹੀਂ ਆਏ। ਇਕ ਦੌਰ ਵਿਚ ਤਾਂ ਇਉਂ ਲੱਗ ਰਿਹਾ ਸੀ ਕਿ ਸਾਰੇ ਦੇ ਸਾਰੇ ਸਾਹਿਤਕਾਰ ਸਕਤੇ ਵਿਚ ਆ ਗਏ ਹਨ। ਪਰੰਤੂ ਛੇਤੀ ਹੀ ਹੁੰਦਲ ਸਮੇਤ ਬਹੁਤ ਸਾਰੇ ਸਾਹਿਤਕਾਰ ਵਿਸ਼ੇਸ਼ ਤੌਰ ਤੇ ਪ੍ਰਗਤੀਵਾਦੀ ਸਾਹਿਤਕਾਰ ਆਪਣੇ ਧਿਆਨ ਨਾਲ਼ ਸੋਚੇ ਸਮਝੇ ਪ੍ਰਤਿਕਰਮ ਪ੍ਰਗਟਾਉਣ ਲੱਗੇ। ਕੁਝ ਨਕਸਲਵਾਦੀ ਅੰਸਰਾਂ ਨੂੰ ਛੱਡ ਕੇ ਅਤੇ ਇਕ ਅੱਧ ਸਾਹਿਤਕਾਰ ਦੇ ਅਪਵਾਦ ਨੂੰ ਛੱਡ ਕੇ ਕੋਈ ਵੀ ਇਸ ਲਹਿਰ ਦੇ ਹੱਕ ਵਿਚ ਨਹੀਂ ਗਿਆ। ਪ੍ਰਗਤੀਵਾਦੀ, ਈਰਾਨ ਦੇ ਖ਼ੁਮੀਨੀ ਵਾਲ਼ੇ ਅਨੁਭਵ ਤੋਂ ਭਲੀ ਭਾਂਤ ਜਾਣੂ ਸਨ ਕਿ ਮੂਲ਼ਵਾਦੀ ਅੰਸਰਾਂ ਦਾ ਸਾਥ ਦੇਣ ਦਾ ਅਰਥ ਹੈ ਆਪਣੇ ਆਪਨੂੰ ਤਬਾਹ ਕਰਨਾ। ਪੰਜਾਬ ਦਾ ਅਤਿਵਾਦ ਤਾਂ ਨਿਰੰਕਾਰੀਆਂ ਤੇ ਰਾਧਾਸਵਾਮੀਆਂ ਦੇ ਨਾਲ਼ ਨਾਲ਼ ਪਰਗਤੀਵਾਦੀਆਂ ਨੂੰ ਵੀ ਆਪਣਾ ਦੁਸ਼ਮਣ ਨੰਬਰ ਇਕ ਮੰਨਦਾ ਸੀ।

ਕਤਲਾਂ ਦੇ ਦੌਰ ਵਿਚ ਅਪਰੇਸ਼ਨ ਬਲਿਊ ਸਟਾਰ ਹੋਇਆ ਜਿਸਦੇ ਨਤੀਜੇ ਵਜੋਂ ਇੰਦਰਾ ਗਾਂਧੀ ਦਾ ਕਤਲ ਤੇ ਇਸ ਦੇ ਅਗਾਂਹ ਨਤੀਜੇ ਦੇ ਤੌਰ ਤੇ ਤਿੰਨ ਹਜ਼ਾਰ ਸਿੱਖਾਂ ਦਾ ਨਰਸੰਹਾਰ। ਕਤਲੇਆਮ ਵਿਚ ਕਾਂਗਰਸੀ ਅੰਸਰਾਂ ਤੋਂ ਇਲਾਵਾ ਆਰ.ਐਸ. ਐਸ ਦੀ ਵੀ ਪ੍ਰਮੁੱਖ ਭੂਮਿਕਾ ਰਹੀ ਪਰੰਤੂ ਸਿੱਖ ਅੱਜ ਤਕ ਉਨ੍ਹਾਂ ਵਲ ਉਂਗਲ਼ੀ ਵੀ ਨਹੀਂ ਉਠਾਉਂਦੇ ਸਗੋਂ ਅਕਾਲੀ ਤਾਂ ਬੀ. ਜੇ. ਪੀ. ਤੋਂ ਬਗੈਰ ਇਕ ਕਦਮ ਪੁੱਟਣ ਲਈ ਤਿਆਰ ਨਹੀਂ। ਕਲਾਕਾਰਾਂ ਨੇ ਕਾਂਗਰਸੀ ਸੱਤਾ ਪੱਖ ਵਲੋਂ ਇਸ ਦੌਰ ਵਿਚ ਨਿਭਾਈ ਘਿਨਾਉਣੀ ਭੂਮਿਕਾ ਨੂੰ ਰੇਖਾਂਕਿਤ ਕੀਤਾ। ਉਨ੍ਹਾਂ ਨੇ ਪਾਕਿਸਤਾਨੀ ਹੱਥ ਦੀ ਨਿਸ਼ਾਨਦੇਹੀ ਵੀ ਕੀਤੀ। ਕੱਟੜਵਾਦੀ ਅੰਸਰਾਂ ਦੀਆਂ ਮਾਨਵਵਿਰੋਧੀ ਗਤੀਵਿਧੀਆਂ ਦੀ ਛਾਣਬੀਣ ਕੀਤੀ ਅਤੇ ਪੁਲਿਸ ਤੇ ਫੋਜ ਵਲੋਂ ਅਤਿਵਾਦ ਨੂੰ ਵਧਾਉਣ ਵਿਚ ਪਾਏ ਯੋਗਦਾਨ ਨੂੰ ਵੀ ਪਛਾਣਿਆਂ। ਰਵਿੰਦਰ ਰਵੀ ਤੇ ਪਾਸ਼ ਦਾ ਕਤਲ ਇਹ ਸਮਝਣ ਲਈ ਕਾਫ਼ੀ ਸੀ ਕਿ ਸਾਹਿਤਕਾਰ ਵੀ ਅਤਿਵਾਦੀਆਂ ਦੀ ਹਿੱਟ ਲਿਸਟ ਤੇ ਹਨ। ਅਜਿਹੀ ਸਥਿਤੀ ਵਿਚ ਸਾਹਿਤਕਾਰਾਂ ਨੇ ਉਹੀ ਪੈਂਤੜਾ ਅਪਣਾਇਆ ਜੋ ਉਹ ਸਦੀਆਂ ਤੋਂ ਅਪਣਾਉਂਦੇ ਆਏ ਹਨ। ਉਨ੍ਹਾਂ ਨੇ ਆਪਣੀ ਗੱਲ ਪ੍ਰਤੀਕਾਂ ਰਾਹੀਂ ਕਹਿਣੀ ਸ਼ੁਰੂ ਕੀਤੀ। ਉਨ੍ਹਾਂ ਨੇ ਅਤਿਵਾਦੀਆਂ ਤੇ ਪੁਲ਼ਿਸ ਦੋਨਾਂ ਦੀਆਂ ਜ਼ਿਆਦਤੀਆਂ ਨੂੰ ਇਕੋ ਥਾਂ ਰੱਖ ਕੇ ਵਿਚਾਰਿਆ ਤੇ ਇਉਂ ਹੋ ਰਹੇ ਮਨੁੱਖੀ ਘਾਣ ਬਾਰੇ ਆਪਣੀਆਂ ਤਿੱਖੀਆਂ ਪ੍ਰਤਿਕਿਰਿਆਵਾਂ ਦਰਜ ਕੀਤੀਆਂ। ਲੇਖਕਾਂ ਨੇ ਇਸ ਲਹਿਰ ਪਿੱਛੇ ਅਮਰੀਕਾ ਆਦਿ

ਨਵਸਾਮਰਾਜਵਾਦੀ ਤਾਕਤਾਂ ਦੇ ਹੱਥ ਦੀ ਪਛਾਣ ਵੀ ਕੀਤੀ। ਕੁਝ ਸਾਹਿਤਕਾਰ ਪਹਿਲਾਂ ਪਹਿਲਾਂ ਖਾਲਿਸਤਾਨ ਆਇਆ ਕਿ ਆਇਆ ਦੀ ਰੱਟ ਵੀ ਲਾਉਂਦੇ ਰਹੇ ਪਰ ਅੱਜ ਕਲ੍ਹ ਉਹ ਸਭ ਤੋਂ ਸ਼ਕਤੀਸ਼ਾਲੀ ਕਵਿਤਾਵਾਂ ਰਚਣ ਦਾ ਦਾਅਵਾ ਵੀ ਕਰ ਰਹੇ ਹਨ।

ਹੁੰਦਲ ਦੇ ਕਾਵਿ ਸੰਗ੍ਰਹਿ ਅੱਗ ਦਾ ਬੂਟਾ, ਸ਼ਬਨਮ ਨਹੀਂ ਆਈ, ਨਿੱਤਰੇ ਪਾਣੀ, ਉਦਾਸ ਹੋਈ ਕਵਿਤਾ, ਸਤਲੁਜ ਦਾ ਸਿਰਨਾਵਾਂ ਅਤੇ ਜੰਗਨਾਮਾ ਪੰਜਾਬ ਆਦਿ ਪੰਜਾਬ ਦੇ ਸੰਤਾਪ ਨਾਲ਼ ਜੁੜੀਆਂ ਕਵਿਤਾਵਾਂ ਨਾਲ਼ ਭਰੇ ਪਏ ਹਨ ਜਿਨ੍ਹਾਂ ਵਿਚ ਉਸਨੇ ਇਸ ਸੰਤਾਪ ਦੇ ਅਨੇਕਾਂ ਪੱਖਾਂ ਨੂੰ ਆਪਣੀ ਕਾਵਿ ਰਚਨਾ ਵਿਚ ਢਾਲ਼ਿਆ ਹੈ। ਇਸ ਸੰਬੰਧੀ ਰਚੀ ਪਹਿਲੀ ਕਵਿਤਾ ਵਿਚ ਹੀ ਉਹ ਕੱਟੜਵਾਦ ਰਾਹੀਂ ਲੋਕਾਂ ਦੇ ਮਨਾਂ ਵਿਚ ਉਸਾਰੀ ਜਾ ਰਹੀ ਘਿਰਣਾ ਦੀ ਦੀਵਾਰ ਦੀ ਪਹਿਚਾਣ ਕਰਦਾ ਹੈ। ਇਥੇ ਹੀ ਉਹ ਇਸ ਲਹਿਰ ਪਿੱਛੇ ਕੰਮ ਕਰ ਰਹੇ ਹੱਥ ਤੇ ਇਸ ਹੱਥ ਦੀ ਕਠਪੁਤਲੀ ਬਣਨ ਵਾਲ਼ੇ ਲੋਕਾਂ ਦੀ ਪਛਾਣ ਕਰਨੀ ਵੀ ਆਰੰਭ ਦਿੰਦਾ ਹੈ। ਉਹ ਪ੍ਰਗਤੀਵਾਦੀਆਂ ਦੀ ਕੁਤਾਹੀ ਨੂੰ ਵੀ ਆਪਣੀ ਨਜ਼ਰ ਹੇਠ ਲਿਆਉਂਦਾ ਹੈ।ਉਹ ਮਾਹੌਲ ਦੀ ਭਿਆਨਕਤਾ ਤੇ ਇਸਦੇ ਮਾਨਵ ਵਿਰੋਧੀ ਰੋਲ ਦੇ ਚਿੱਤਰ ਵੀ ਖਿੱਚਦਾ ਹੈ।

ਇਕ ਸਹਿਮ ਜਿਹਾ ਘੁੰਮਦਾ ਹੈ ਸਾਡੇ ਆਲ ਦੁਆਲ਼ੇ
ਇਹ ਫਨੀਅਰ ਦਰਵਾਜ਼ੇ ਸਾਡੇ ਕਿਸ ਨੇ ਆਣ ਬਹਾਲ਼ੇ
ਪਹਿਲਾਂ ਦੁੱਧ ਪਿਆ ਕੇ ਜਿਹਨਾਂ ਏਨੇ ਵੱਡੇ ਕੀਤੇ
ਅੱਜ ਉਨ੍ਹਾਂ ਨੂੰ ਡੰਗਣ ਲੱਗੇ, ਨਾਗ ਜਿਨ੍ਹਾਂ ਸੀ ਪਾਲ਼ੇ
ਜਦ ਸੀ ਤੇਰੇ ਬੂਹੇ ਉੱਤੇ ਫ਼ਨੀਅਰ ਆਕੇ ਬੈਠੇ
ਉਸ ਵੇਲੇ ਤੂੰ ਕਿੱਥੇ ਸੁੱਟੇ, ਸੋਟੇ ਸੱਮਾਂ ਵਾਲ਼ੇ
ਜਾਂ ਤੇ ਠੋਕ ਵਜਾ ਕੇ ਕਹਿ ਦੇ, ਸੁੱਟ ਪਰ੍ਹੇ ਜਾਂ ਕਾਨੀ
ਕਿਵੇਂ ਛਲੇਡੇ ਰਾਤੋ ਰਾਤੀਂ, ਬਣ ਗਏ ਕਰਨੀ ਵਾਲ਼ੇ

ਇਸ ਦ੍ਰਿਸ਼ਟੀ ਤੋਂ ਮੈਨੂੰ ਨਿੱਤਰੇ ਪਾਣੀ ਸੰਗ੍ਰਹਿ ਦੀਆਂ ਦੋ ਗ਼ਜ਼ਲਾਂ ਸਭ ਤੋਂ ਸਮਰੱਥ ਲਗੀਆਂ ਹਨ। ਇਨ੍ਹਾਂ ਗ਼ਜ਼ਲਾਂ ਵਿਚ ਪੰਜਾਬ ਸੰਤਾਪ ਨਾਲ਼ ਜੁੜੀਆਂ ਰਚਨਾਵਾਂ ਦੀਆਂ ਸਾਰੀਆਂ ਖ਼ੂਬੀਆਂ ਇਕ ਥਾਂ ਤੇ ਦਿਖਾਈ ਦਿੰਦੀਆਂ ਹਨ। ਮੌਲਿਕ ਬਿੰਬ ਸਿਰਜਣਾ, ਗ਼ਜ਼ਲ ਦਾ ਆਪਣਾ ਮੌਲਿਕ ਰੰਗ, ਜ਼ਿੰਦਗੀ ਵਿਚ ਅਟੱਲ ਵਿਸ਼ਵਾਸ ਇਨ੍ਹਾਂ ਗ਼ਜ਼ਲਾਂ ਵਿਚ ਪ੍ਰਾਪਤ ਹੈ। ਸਮਕਾਲੀ ਦੌਰ ਦੀਆਂ ਚਿੰਤਾਵਾਂ ਨੂੰ ਸਮਝਣ ਲਈ ਭੂਤਕਾਲੀ ਪੰਜਾਬੀ ਸਭਿਆਚਾਰ ਦੇ ਹਾਂ-ਪੱਖਾਂ ਨੂੰ ਨਾਲ਼ੋ ਨਾਲ਼ ਰੱਖਿਆ ਗਿਆ ਹੈ। ਇਨ੍ਹਾਂ ਪੰਗਤੀਆਂ ਨੂੰ ਦੇਣ ਦਾ ਮੋਹ ਤਿਆਗਿਆ ਨਹੀਂ ਜਾ ਸਕਦਾ।

ਏਸ ਬਾਗ ਚੋਂ ਬੁਲਬੁਲ ਰੋਂਦੀ ਅਤੇ ਵਿਲਕਦੀ ਲੰਘੀ ਹੇ।
ਕਿਸਨੇ ਤਿਤਲੀ ਸੂਲ਼ ਪਰੋ ਕੇ, ਦਰਵਾਜ਼ੇ ਤੇ ਟੰਗੀ ਹੈ।
ਕੀ ਖਬਰਾਂ ਸੀ ਮਾਂ ਮਿੱਟੀ ਨੂੰ, ਐਸੇ ਵੀ ਦਿਨ ਦੇਖੇਗੀ;
ਚੜ੍ਹਦੇ ਸੂਰਜ ਉੱਡਣ ਹਵਾੜੇ, ਸ਼ਾਮ ਲਹੂ ਦੀ ਰੰਗੀ ਹੈ।
ਕਿੱਥੇ ਹਾਸੇ ਗਏ ਗਲ਼ੀ ਦੇ ਕਿੱਥੇ ਰੌਣਕ ਰੰਗਾਂ ਦੀ,
ਪੌਣ ਅਸਾਡੇ ਵਿਹੜੇ ਵਿਚੋਂ ਡਰਦੀ ਡਰਦੀ ਲੰਘੀ ਹੈ।
ਲੱਖ ਕੋਸ਼ਿਸ਼ਾਂ ਕਰ ਕੇ ਵੇਖੋ, ਲੁਕੀਆਂ ਨਾ ਖੁਸ਼ਬੋਆਂ ਨੇ,
ਕਿਸਨੇ ਮੁੱਠੀ ਵਿਚ ਲੁਕੋਈ, ਪੀਂਘ ਭਲਾ ਸਤਰੰਗੀ ਹੈ।

ਇਸ ਦੌਰ ਦੀਆਂ ਕਵਿਤਾਵਾਂ ਵਿਚ ਕਿਤੇ ਕਿਤੇ ਨਿੱਜੀ ਦੁੱਖ ਤੋਂ ਪੈਦਾ ਹੋਈ ਉਦਾਸੀ ਦਾ ਪਹਿਰਾ ਵੀ ਦਿਖਾਈ ਦਿੰਦਾ ਹੈ ਪਰੰਤੂ ਇਸ ਉਦਾਸੀ ਸਮੇਂ ਵੀ ਭਵਿੱਖ ਦੀ ਆਸ ਦਾ ਪੱਲਾ ਨਹੀਂ ਛੱਡਿਆ ਗਿਆ।

–ਆਉਣਗੇ ਕੁਝ ਇਸ ਤਰ੍ਹਾਂ ਦੇ ਵੀ ਦਿਹਾੜੇ ਆਉਣਗੇ।
ਸੁਪਨਿਆਂ ਦੀ ਪੀਂਘ ਸਤਰੰਗੀ, ਪੀਂਘ ਲੋਕੀਂ ਪਾਉਣਗੇ।

–ਸਦਾ ਆਉਣ ਵਾਲ਼ੇ ਸਮੇਂ ਵਿਚ ਰੱਖਦੇ ਯਕੀਨ,
ਅਸੀਂ ਰੌਸ਼ਨੀ ਦੇ ਗੀਤ ਅਤੇ ਫੁੱਲਾਂ ਦੇ ਸੁਕੀਨ,
ਅਸਾਂ ਆਸ ਦੇ ਪਰਿੰਦੇ, ਸਦਾ ਜ਼ਿੰਦਗੀ 'ਚ ਪਾਲ਼ੇ।

–ਦੱਸੋ ਕੋਈ–
ਮਨ ਵਿਚੋਂ ਮੈਂ ਕਿੰਝ ਵਿਸਾਰਾਂ
ਨਿੱਤ ਹੁੰਦੀਆਂ ਘਟਨਾਵਾਂ ਬਾਰੇ
ਮੋਨ ਬਰਤ ਮੈਂ ਕੀਕਨ ਧਾਰਾਂ
ਜੀਉਂਦੇ ਜੀ ਹੀ ਮਨ ਲਾਂ ਹਾਰਾਂ।

ਹੁੰਦਲ਼ ਆਪਣੇ ਆਪ ਨੂੰ ਵੀ ਤੇ ਆਪਣੇ ਸਾਥੀਆਂ ਨੂੰ ਵੀ ਹਨੇਰਿਆਂ ਨਾਲ਼ ਲੜਨ ਦੇ ਸੰਦੇਸ਼ ਦਿੰਦਾ ਰਹਿੰਦਾ ਹੈ। ਉਸਦਾ ਮਨੁੱਖ ਵਿਚ ਵਿਸ਼ਵਾਸ ਅਟੱਲ ਹੈ। ਇਕ ਲੰਬੀ ਕਵਿਤਾ ਅਸਚਰਜ ਬੰਦਾ ਦਾ ਨਿਚੋੜ ਕੱਢਦਾ ਹੋਇਆ ਉਹ ਲਿਖਦਾ ਹੈ।

ਮੇਰਾ ਵਿਸ਼ਵਾਸ ਕਹਿੰਦਾ ਹੈ
ਕਿ ਇਸ ਚੰਦਰੀ ਰੁੱਤ ਅੰਦਰ ਵੀ
ਨਹੀਂ ਉਹ ਡਗਮਗਾਵੇਗਾ
ਲਹੂ ਦੀ ਨਦੀ ਵਿਚੋਂ ਦੀ ਸਬੂਤਾ ਨਿਕਲ਼ ਜਾਵੇਗਾ।
.....
ਮੇਰਾ ਵਿਸ਼ਵਾਸ ਕਹਿੰਦਾ ਹੈ
ਕਿ ਜਦੋਂ ਮੁੜਿਆ
ਤਾਂ ਮੇਰੀ ਧਰਤੀ ਲਈ
ਸੁੱਖ ਦਾ ਸੁਨੇਹਾ ਲਿਆਵੇਗਾ
ਉਹ ਖਾਲੀ ਹੱਥ ਨਹੀਂ ਆਵੇਗਾ।

ਪੰਜਾਬ ਸੰਤਾਪ ਤੋਂ ਬਾਦ ਛਪੇ ਕਾਵਿ ਸੰਗ੍ਰਹਿ ਰੰਗ ਆਪੋ ਆਪਣਾ ਵਿਚ ਹੁੰਦਲ ਨੇ ਇਹ ਇੰਕਸ਼ਾਫ਼ ਕੀਤਾ ਹੈ ਕਿ ਉਸਨੇ ਕੁਝ ਸਮੇਂ ਲਈ ਕਵਿਤਾ ਲਿਖਣੀ ਘੱਟ ਕਰ ਦਿੱਤੀ ਹੈ। ਪਰੰਤੂ ਖੱਬੀ ਪਾਰਟੀ ਅੰਦਰ ਵਾਪਰੀਆਂ ਘਟਨਾਵਾਂ ਨੇ ਉਸਦੀ ਕਾਵਿ ਸਿਰਜਣਾ ਨੂੰ ਇਕ ਵਾਰ ਫਿਰ ਪ੍ਰਵਾਹਮਾਨ ਕਰ ਦਿੱਤਾ। ਮੁਖ਼ਬਰੀ ਕਰਦੇ ਦਿਨ ਦੀਆਂ ਬਹੁਤੀਆਂ ਕਵਿਤਾਵਾਂ ਇਸ ਦਾ ਸਿੱਟਾ ਹਨ ਜਿਸਦਾ ਜ਼ਿਕਰ ਅਸੀਂ ਆਰੰਭ ਵਿਚ ਹੀ ਕਰ ਆਏ ਹਾਂ। ਹੁੰਦਲ ਆਪ ਸਵੀਕਾਰ ਕਰਦਾ ਹੈ ਕਿ ਪੰਜਾਬ ਤੋਂ ਦੂਰ ਜਾਂ ਕਹੋ ਕਿ ਉਸਦੇ ਅਨੁਭਵ ਤੋਂ ਦੂਰ ਵਾਪਰੀਆਂ ਘਟਨਾਵਾਂ ਦਾ ਉਸ ਉਪਰ ਬਹੁਤਾ ਅਸਰ ਨਹੀਂ ਹੁੰਦਾ। ਇਹੀ ਕਾਰਣ ਹੈ ਕਿ ਦਿੱਲੀ ਵਿਚ ਹੋਏ ਸਿੱਖ ਕਤਲੇਆਮ ਬਾਰੇ

ਉਸਨੇ ਕੁਝ ਕੁ ਪੰਗਤੀਆਂ ਹੀ ਲਿਖੀਆਂ ਹਨ ਅਤੇ ਦੁਨੀਆਂ ਦੀਆਂ ਹੋਰ ਵਾਪਰਦੀਆਂ ਕਈ ਸਮਕਾਲੀ ਘਟਨਾਵਾਂ ਨੇ ਉਸਦੀ ਕਵਿਤਾ ਵਿਚ ਕੋਈ ਬਹੁਤੀ ਥਾਂ ਨਹੀਂ ਬਣਾਈ। ਅੱਜ ਦੇ ਯੁੱਗ ਵਿਚ ਵਿਸ਼ਵੀਕਰਣ, ਉਦਾਰੀਕਰਣ ਅਤੇ ਉੱਤਰਆਧੁਨਿਕਤਾ ਆਦਿ ਦਾ ਚਰਚਾ ਹੈ। ਹੋ ਸਕਦਾ ਹੈ ਕਿ ਹੁੰਦਲ ਇਨ੍ਹਾਂ ਵਰਤਾਰਿਆਂ ਬਾਰੇ ਸਪੱਸ਼ਟ ਹੋਣ ਲਈ ਯਤਨਸ਼ੀਲ ਹੋਵੇ ਤੇ ਭਵਿੱਖ ਵਿਚ ਇਨ੍ਹਾਂ ਨਾਲ਼ ਸੰਬੰਧਿਤ ਕਵਿਤਾ ਵੀ ਸਾਡੇ ਸਾਹਮਣੇ ਆਵੇ।

ਹਰਭਜਨ ਸਿੰਘ ਹੁੰਦਲ ਕਵੀ ਦਾ ਜਮਾਂਦਰੂ ਹੋਣਾ ਜ਼ਰੂਰੀ ਨਹੀਂ ਮੰਨਦਾ। ਉਹ ਕਵਿਤਾ ਨੂੰ ਇਲਹਾਮ ਵੀ ਨਹੀਂ ਮੰਨਦਾ ਪਰ ਰਚਨਾ ਪ੍ਰਕਿਰਿਆ ਦੇ ਰਹੱਸ ਨੂੰ ਉਹ ਜ਼ਰੂਰ ਵੱਖ ਵੱਖ ਢੰਗਾਂ ਨਾਲ਼ ਪੇਸ਼ ਕਰਦਾ ਹੈ।

ਕਿ ਰਚਨਾ ਦੇ ਕ੍ਰਿਸ਼ਮੇ ਵੀ
ਬੜੇ ਅਸਚਰਜ ਹੁੰਦੇ ਹਨ।

ਜੇ ਹੁੰਦਲ ਦੀਆਂ, ਕਵਿਤਾ ਦੀ ਰਚਨਾ ਪ੍ਰਕਿਰਿਆ ਨਾਲ਼ ਜੁੜੀਆਂ ਸਾਰੀਆਂ ਗ਼ਜ਼ਲਾਂ ਕਵਿਤਾਵਾਂ ਤੇ ਗੀਤਾਂ ਨੂੰ ਇਕ ਥਾਂ ਰੱਖ ਕੇ ਵਿਚਾਰੀਏ ਤਾਂ ਅਸੀਂ ਦੇਖਦੇ ਹਾਂ ਕਿ ਹੁੰਦਲ ਲਈ ਕਵਿਤਾ ਸਮੁੱਚੇ ਜੀਵਨ ਤੇ ਸਮਾਜ ਨਾਲ਼ ਜੁੜੀ ਹੋਈ ਹੈ। ਇਨ੍ਹਾਂ ਦੇ ਸੂਖਮ ਤੋਂ ਸੂਖਮ ਵੇਰਵਿਆਂ ਤਕ ਇਨ੍ਹਾਂ ਦੀ ਰਸਾਈ ਹੈ। ਉਸ ਅਨੁਸਾਰ ਇਤਿਹਾਸ ਦੇ ਜ਼ਖਮਾਂ ਨੂੰ ਵੀ ਕਵਿਤਾ ਆਪਣੇ ਪਿੰਡੇ ਤੇ ਹੰਢਾਉਂਦੀ ਹੈ। ਹਾਂ, ਉਸ ਲਈ ਕਵਿਤਾ ਦਾ ਆਵੇਸ਼ ਸਚੁਮੱਚ ਇਕ ਰਹੱਸ ਹੈ। ਪਰ ਇਹ ਰਹੱਸ ਵੀ ਜੀਵਨ ਦੇ ਦੁੱਖਾਂ ਸੁੱਖਾਂ ਨਾਲ਼ ਜੁੜਿਆ ਹੋਇਆ ਹੈ।

ਉਹ ਇੰਝ ਆਉਂਦੀ ਹੈ
ਜਿਵੇਂ ਪੱਤਿਆਂ ਤੇ ਤਰੇਲ ਪੈਂਦੀ ਹੈ
ਜਿਵੇਂ ਬੱਚੇ ਲਈ ਮਾਂ ਦੇ ਥਣਾਂ 'ਚੋਂ ਦੁੱਧ ਉਤਰਦਾ ਹੈ
ਜਿਵੇਂ ਹਵਾ ਦਾ ਬੁੱਲਾ ਚੁੱਪ ਕੀਤੇ
ਅੰਦਰ ਆ ਵੜਦਾ ਹੈ।

ਕਵਿਤਾ ਨੂੰ ਰਾਜਨੀਤੀ ਦਾ ਕੋਈ ਮਿਹਣਾ ਨਹੀਂ। ਓਹੁ ਆਪਣੇ ਸੰਦਾਂ ਨਾਲ਼ ਹਰ ਮਸਲੇ ਦਾ ਵਿਸ਼ਲੇਸ਼ਣ ਕਰਦੀ ਹੈ। ਉਹ ਕੋਮਲ ਵੀ ਹੈ ਸਖ਼ਤ ਵੀ। ਉਹ ਆਪਣੇ ਪਿੰਡੇ ਤੇ ਲੋਕਾਂ ਦੇ ਦੁੱਖ ਸੁੱਖ ਹੰਢਾਉਂਦੀ ਹੈ ਤੇ ਉਨ੍ਹਾਂ ਦੇ ਦੁੱਖਾਂ-ਸੁੱਖਾਂ ਦੀ ਭਿਆਲ਼ ਵੀ ਬਣਦੀ ਹੈ।

-ਕਵਿਤਾ ਮੇਰੇ ਲਈ
ਕੌੜੇ ਮਿੱਠੇ ਅਨੁਭਵਾਂ ਦਾ ਸੰਗਮ ਹੈ
ਤਪਦੇ ਪੈਰਾਂ ਦਾ ਸੇਕ
ਨਿੱਘੀ ਬੁੱਕਲ਼ ਦਾ ਆਨੰਦ
ਕਵਿਤਾ ਦਾ ਸਹਿਜ ਪ੍ਰਵਾਹ ਮੇਰੀ ਤਾਂਘ ਹੈ
ਮੇਰਾ ਸੁਪਨਾ
ਇਸ ਬਿਨਾਂ ਜੀਊਣਾ ਵਿਅਰਥ ਲੱਗਦਾ ਹੈ।

-ਇਹ ਵਰ੍ਹਦੀ ਅੱਗ ਵਿਚ
ਆਪਣੇ ਪੈਰਾਂ ਤੇ ਖਲੋਣਾ ਜਾਣਦੀ ਹੈ
ਹਮਦਰਦ ਨੂੰ
ਬੇਦਰਦ ਨੂੰ ਪਹਿਚਾਣਦੀ ਹੈ
ਦੁੱਧ ਪਾਣੀ ਛਾਣਦੀ ਹੈ

ਰਚਨਾ ਦੇ ਹਰ ਪੜਾਅ ਤੇ ਹੁੰਦਲ ਨੇ ਕਵਿਤਾ ਦੀ ਰਚਨਾ ਪ੍ਰਕਿਰਿਆ ਬਾਰੇ ਕੁਝ ਨਾ ਕੁਝ ਕਿਹਾ ਹੈ। ਕਵਿਤਾ ਰਾਹੀਂ ਵੀ ਤੇ ਇੰਟਰਵਿਊਆਂ ਰਾਹੀਂ ਵੀ। ਨਿਚੋੜ ਇਹ ਹੈ ਕਿ ਕਵਿਤਾ ਸਮਕਾਲੀ ਰਾਜਨੀਤਕ, ਇਤਿਹਾਸਕ ਤੇ ਸਮਾਜਿਕ ਘਟਨਾਵਾਂ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ ਤੇ ਸਮਾਜ ਵਿਚ ਉਸਦੀ ਅਹਿਮ ਭੂਮਿਕਾ ਹੈ।

ਹਰਭਜਨ ਸਿੰਘ ਹੁੰਦਲ ਨੇ ਬਹੁਤੀ ਗ਼ਜ਼ਲ ਲਿਖੀ ਹੈ। ਮੁਸਲਸਲ ਗ਼ਜ਼ਲ ਪ੍ਰਗਤੀਵਾਦੀਆਂ ਨੂੰ ਭਤੀ ਰਾਸ ਆਈ ਹੈ। ਉਨ੍ਹਾਂ ਨੇ ਹੀ ਇਸ ਨੂੰ ਪਰੰਪਰਾਗਤ ਰਸਤੇ ਤੋਂ ਹਟਾ ਕੇ ਨਵੀਆਂ ਲੀਹਾਂ ਤੇ ਪਾਇਆ ਹੈ। ਹੁੰਦਲ ਨੇ ਇਸ ਦਾ ਰਾਜਨੀਤੀਕਰਣ ਕੀਤਾ ਹੈ। ਹੁੰਦਲ ਇਹ ਵੀ ਮੰਨਦਾ ਹੈ ਕਿ ਗ਼ਜ਼ਲ ਵਧੇਰੇ ਗੁੰਝਲਦਾਰ ਯਥਾਰਥ ਨੂੰ ਫੜਨ ਦੇ ਪੂਰੀ ਤਰ੍ਹਾਂ ਸਮਰੱਥ ਨਹੀਂ। ਇਹ ਕੰਮ ਨਜ਼ਮ ਹੀ ਨਿਭਾ ਸਕਦੀ ਹੈ। ਇਸੇ ਲਈ ਹੁੰਦਲ ਨੇ ਲੰਬੀ ਕਵਿਤਾ ਨੂੰ ਅਪਣਾਇਆ ਹੈ। ਉਸਨੇ ਭਾਵੁਕ ਮਸਲਿਆਂ ਨੂੰ ਗੀਤਾਂ ਵਿਚ ਪ੍ਰਗਟਾਇਆ ਹੈ। ਸਤਲੁਜ ਦਾ ਸਿਰਨਾਵਾਂ ਸੰਗ੍ਰਹਿ ਵਿਚ ਉਸਨੇ ਨਾਂ ਕੇਵਲ ਗੀਤਾਂ ਨੂੰ ਪਹਿਲ ਹੀ ਦਿੱਤੀ ਹੈ(ਇਸ ਸੰਗ੍ਰਹਿ ਵਿਚ 45 ਗੀਤ ਹਨ) ਸਗੋਂ ਭੂਮਿਕਾ ਵਿਚ ਗੀਤ-ਰੂਪ ਉਪਰ ਚਰਚਾ ਕਰਦਿਆਂ ਗੀਤ ਵਲ ਪਰਤਣ ਦੇ ਰੁਝਾਨ ਬਾਰੇ ਵੀ ਸਪੱਸ਼ਟੀਕਰਣ ਦਿੱਤਾ ਹੈ। ਅਸਲ ਵਿਚ ਗੀਤਾਂ ਤੇ ਹੋਰ ਛੰਦਬੱਧ ਰੂਪਾਂ ਵਲ ਹੁੰਦਲ ਸੁਚੇਤ ਹੋ ਕੇ ਪਰਤਦਾ ਹੈ। ਉਸਦਾ ਕਹਿਣਾ ਹੈ ਕਿ, "ਮੈਂ ਕਾਵਿ ਸਿਰਜਣਾ ਸਮੇਂ ਆਪਣੀ ਕਾਵਿ ਵਿਰਾਸਤ ਨੂੰ ਕਦੇ ਵੀ ਭੁੱਲਦਾ ਨਹੀਂ ਹਾਂ। ਸਗੋਂ ਉਸਤੋਂ ਪ੍ਰੇਰਨਾ ਲੈ ਕੇ ਐਸੇ ਕਾਵਿ ਪ੍ਰਯੋਗ ਕਰਨ ਦੀ ਤਲਾਸ਼ ਵਿਚ ਰਹਿੰਦਾ ਹਾਂ ਜਿਹੜੇ ਮੇਰੀ ਕਾਵਿ ਸਿਰਜਣਾ ਨੂੰ ਪਾਠਕ ਦੇ ਅਵਚੇਤਨ ਨਾਲ਼ ਜੋੜਨ ਦਾ ਮਾਧਿਅਮ ਬਣਨ।"

ਅਸਲ ਵਿਚ ਹੁੰਦਲ ਲੋਕਾਂ ਦਾ ਕਵੀ ਹੈ। ਉਸ ਲਈ ਕਵਿਤਾ ਬੇਲੋੜੀ ਹੋ ਜਾਵੇਗੀ ਜੇ ਉਹ ਉਨ੍ਹਾਂ ਤਕ ਨਾ ਪਹੁੰਚੇ ਜਿਨ੍ਹਾਂ ਲਈ ਉਹ ਕਵਿਤਾ ਲਿਖ ਰਿਹਾ ਹੈ। ਉਹ ਲੋਕਾਂ ਦੇ ਉਸ 'ਨੀਵੇਂ ਪੱਧਰ' ਦੀ ਨਿੰਦਾ ਨਹੀਂ ਕਰਦਾ ਜੋ ਅਜੋਕੀ ਬੋਝਲ ਤੇ ਬੌਧਿਕ ਕਵਿਤਾ ਤਕ ਪਹੁੰਚਣ ਤੋਂ ਅਸਮਰੱਥ ਹੈ। ਉਹ ਆਪ ਉਨ੍ਹਾਂ ਤਕ ਪਹੁੰਚਣ ਲਈ ਕਾਫ਼ੀ, ਦੋਹੜੇ, ਬੈਂਤਾਂ ਤੇ ਦੁੱਲੇ ਵਰਗੇ ਛੰਦ-ਰੂਪਾਂ ਤੇ ਕਾਵਿਰੂਪਾਂ ਦੀ ਸਿਰਜਣਾ ਕਰਦਾ ਹੈ। ਇਨ੍ਹਾਂ ਰਾਹੀਂ ਉਹ ਸਮਕਾਲੀ ਗੁੰਝਲ਼ਦਾਰ ਰਾਜਨੀਤੀ ਤੇ ਯਥਾਰਥ ਤਕ ਆਪ ਪਹੁੰਚਣ ਦਾ ਯਤਨ ਕਰਦਾ ਹੈ ਤੇ ਪਾਠਕਾਂ ਨੂੰ ਵੀ ਨਾਲ਼ ਲੈ ਕੇ ਤੁਰਨ ਦਾ ਯਤਨ ਕਰਦਾ ਹੈ। ਉਹ ਬਾਹੂ ਦੀ ਦਰਦੀਲੀ ਹੂਕ ਨੂੰ ਅਜੋਕੀ ਸਥਿਤੀ ਵਿਚੋਂ ਪੈਦਾ ਹੁੰਦੀ ਉਦਾਸੀ ਦੇ ਪ੍ਰਟਾਵੇ ਲਈ ਵਰਤਦਾ ਹੈ। ਉਹ ਬੁਲ੍ਹੇ ਦੇ ਸੱਚ ਕਹਿਣ ਦੀ ਜੁਅਰਤ ਨੂੰ ਅਪਣਾਉਂਦਾ ਹੈ। ਤੇ ਇਉਂ ਉਹ ਵਿਰਾਸਤ ਤੇ ਸਮਕਾਲ ਨੂੰ ਇਕ ਨਿਰੰਤਰਤਾ ਵਿਚ ਚਿਤਵਦਾ ਹੈ। ਤੇ ਇਥੋਂ ਹੀ ਉਸਦੀ ਭਵਿੱਖ ਦੀ ਉਡਣ ਸ਼ੁਰੂ ਹੁੰਦੀ ਹੈ। ਇਥੇ ਕੁਝ ਉਦਾਹਰਣਾਂ ਨੂੰ ਦੇਖਣਾ ਲਾਹੇਵੰਦਾ ਹੋਵੇਗਾ।

-ਜਿਹੜਾ ਵੀ ਮਾਂ ਬੋਲੀ ਭੁੱਲਦਾ
ਰਹਿੰਦਾ ਕੱਖ ਨਾ ਪੱਲੇ ਹੂ
ਜਿੱਥੇ ਜਾਵਣ ਧੱਕੇ ਖਾਵਣ,
ਵਿਕਦੇ ਪੁੱਤ ਸਵੱਲੇ ਹੂ।

-ਭਾਈ ਜੀ ਤੁਸੀਂ ਕੈਸੇ ਮੀਤ ਬਣਾਏ
ਆਪਣਿਆਂ ਨੂੰ ਲਿਖ ਬੇਦਾਵਾ,
ਭਾਗੋ ਗਲ਼ੇ ਲਗਾਏ।

-ਅੱਧੀ ਰਾਤ ਨੂੰ ਚੜ੍ਹਾਇਆ ਪੁੱਤ ਚੋਰੀ
ਸ਼ਰੀਕਾਂ ਦੀਆਂ ਵੇਖ ਚੁੱਕਣਾ

ਬੱਲਿਆ,
ਬੱਲਿਆ,
ਵੇ ਮਾਂ ਫਿਰੇ ਲੱਡੂ ਵੰਡਦੀ ਮੁੰਡਾ ਚੱਲਿਆ।

ਇਸ ਦ੍ਰਿਸ਼ਟੀ ਤੋਂ ਹੁੰਦਲ ਦੁਆਰਾ ਰਚਿਤ ਜੰਗਨਾਮਾ ਤੇ ਵਿਅੰਗਨਾਮਾ ਬਹੁਤ ਹੀ ਮਹੱਤਵਪੂਰਣ ਤੇ ਸਫ਼ਲ ਪ੍ਰਯੋਗ ਹਨ। ਸ਼ਾਹ ਮੁਹੰਮਦ ਦੀ ਤਰਜ਼ ਤੇ ਪੰਜਾਬ ਦੀ ਚੌਦਾਂ ਸਾਲ ਦੀ ਉਥਲ ਪੁਥਲ ਨੂੰ ਅੱਸੀਆਂ ਬੈਂਤਾਂ ਵਿਚ ਪੇਸ਼ ਕਰਨਾ ਕੁੱਜੇ ਵਿਚ ਸਮੁੰਦਰ ਬੰਦ ਕਰਨ ਵਾਲ਼ੀ ਹੀ ਗੱਲ ਹੈ। ਵਿਅੰਗਨਾਮਾ ਵਿਚ ਹੁੰਦਲ ਬੈਂਤ ਦੀ ਤਾਸੀਰ ਤੋਂ ਸਪੱਸ਼ਟ ਰੂਪ ਵਿਚ ਜਾਣੂ ਹੈ। ਇਨ੍ਹਾਂ ਦੋਨਾਂ ਪੁਸਤਕਾਂ ਦੇ ਡੰਗਦੇ ਵਿਅੰਗ ਤੋਂ ਹੁੰਦਲ ਖ਼ੁਦ ਵੀ ਸੁਚੇਤ ਹੈ।

-ਦਿੱਲੀ ਬੜੀ ਚਲਾਕ ਹੁਸ਼ਿਆਰ ਬਿੱਲੀ
ਸਦਾ ਮਾਰਦੀ ਵੇਖ ਲਓ ਡੰਡੀਆਂ ਜੀ।
ਇਹਨੂੰ ਸਾਰੇ ਪ੍ਰਦੇਸ਼ ਨੇ ਇੰਝ ਲਗਦੇ
ਹੋਣ ਜਿਵੇਂ ਵਪਾਰੀ ਲਈ ਮੰਡੀਆਂ ਜੀ।
ਇਹਨੂੰ ਫ਼ਿਕਰ ਨਾ ਰਤਾ ਵੀ ਕਦੇ ਹੋਇਆ
ਕਿੰਨੇ ਹੋਣ ਯਤੀਮ ਜਾਂ ਰੰਡੀਆਂ ਜੀ।
ਸ਼ਾਹ ਮੁਹੰਮਦਾ ਦੇਸ਼ ਨੂੰ ਅੱਗ ਲੱਗੀ
ਪਾਈਆਂ ਜਾਣ ਕੇ ਇਸ ਤਰ੍ਹਾਂ ਵੰਡੀਆਂ ਜੀ।

-ਲਾਇਆ ਆਪਣਾ ਜ਼ੋਰ ਜਨੂੰਨੀਆਂ ਨੇ
ਸਾਂਝਾਂ ਫੇਰ ਨਾ ਸਾਡੀਆਂ ਟੁੱਟੀਆਂ ਨੇ।
ਸ਼ਾਹ ਮੁਹੰਮਦਾ ਛਾਂਗਿਆ ਰੁੱਖ ਮੁੱਢੋਂ
ਮੁੜ ਕੇ ਫੇਰ ਕਰੂੰਬਲਾਂ ਫੁੱਟੀਆਂ ਨੇ।

ਹੁੰਦਲ ਅਜਿਹੀ ਰਚਨਾ ਨੂੰ ਕਵੀਸ਼ਰੀ ਦਾ ਨਾਂ ਦਿੰਦਾ ਹੈ ਪਰ ਅਜਿਹਾ ਨਿਖੇੜ ਸ਼ਾਇਦ ਸੰਭਵ ਨਹੀਂ। ਵੱਧ ਤੋਂ ਵੱਧ ਇਸ ਨੂੰ ਪਰੰਪਰਕ ਛੰਦ ਬੈਂਤ ਵਿਚ ਲਿਖੀ ਕਵਿਤਾ ਕਿਹਾ ਜਾਵੇਗਾ ਜੋ ਸਮਕਾਲੀ ਰਾਜਨੀਤੀ ਦੇ ਯਥਾਰਥ ਨੂੰ ਨਿੱਠ ਕੇ ਪ੍ਰਗਟਾਉਂਦੀ ਹੈ।

ਹੁੰਦਲ ਦੇ ਗੀਤਾਂ, ਗ਼ਜ਼ਲਾਂ ਤੇ ਕਵਿਤਾਵਾਂ ਵਿਚ ਵਿਚਾਰ ਨੂੰ ਪਹਿਲ ਹੈ ਇਸ ਲਈ ਪਾਠਕ ਦਾ ਧਿਆਨ ਇਸ ਵਿਚਾਰ ਨੂੰ ਗ੍ਰਹਿਣ ਕਰਦਾ ਤੁਰਿਆ ਜਾਂਦਾ ਹੈ। ਉਸਨੂੰ ਪਤਾ ਹੀ ਨਹੀਂ ਲਗਦਾ ਕਿ ਜਿਸ ਆਸਰੇ ਹੁੰਦਲ ਉਨ੍ਹਾਂ ਨੂੰ ਆਪਣੇ ਨਾਲ਼ ਤੋਰ ਕੇ ਲੈ ਗਿਆ ਹੈ ਉਹ ਉਸਦੀ ਮੌਲਿਕ ਬਿੰਬ ਸਿਰਜਣਾ ਹੈ ਤੇ ਵੱਖਰੀ ਸ਼ਬਦ-ਘਾੜਤ। ਪਰ ਥੋੜ੍ਹੇ ਜਿਹੇ ਧਿਆਨ ਨਾਲ਼ ਵੇਖਿਆਂ ਪਤਾ ਲੱਗ ਜਾਂਦਾ ਹੈ ਕਿ ਉਸਦੀ ਹਰ ਸਤਰ ਕੋਈ ਬਿੰਬ ਸਿਰਜ ਰਹੀ ਹੁੰਦੀ ਹੈ ਜਾਂ ਫਿਰ ਸੁਹਜ ਦਾ ਵੱਖਰਾ ਮੁਹਾਵਰਾ। ਕੁਝ ਸਤਰਾਂ ਧਿਆਨ ਗੋਚਰੇ ਹਨ।

-ਹੱਥੀਂ ਵੀ ਕੁਝ ਬੀਜੀ ਦੇ ਨੇ, ਸੁਪਨੇ ਸੁਹਜ ਉਮੰਗਾਂ,
ਬੈਠ ਰਹੀਂ ਨਾਂ ਆਸਾਂ ਲਾ ਕੇ, ਸੁਰਖ਼ ਸਵੇਰੇ ਉੱਤੇ।

-ਸਵੇਰੇ ਸੀਸ ਤੇ ਫੱਬੇ ਤੇ ਸ਼ਾਮੀਂ ਡਿੱਗਦੀ ਪੈਰੀਂ,
ਬੜੇ ਹੀ ਭੇਤ ਵਾਲ਼ੇ ਨੇ ਤੇਰੀ ਦਸਤਾਰ ਦੇ ਕਿੱਸੇ।

–ਸਾਜ਼ ਦੇ ਪੈਰਾਂ 'ਚ ਪਈਆਂ ਬੇੜੀਆਂ,
ਕੀ ਭਲਾ ਖਤਰੇ ਵਿਚਾਰੇ ਹੋਣਗੇ?

–ਅੱਜ ਉਨ੍ਹਾਂ ਦੀ ਮੜ੍ਹੀ ਤੇ ਖਿੜਨਗੇ ਕਿੱਥੋਂ ਗੁਲਾਬ,
ਖਿੜਦਿਆਂ ਫੁੱਲਾਂ ਤੇ ਜਿਹੜੇ ਅੱਗ ਬਰਸਾਉਂਦੇ ਰਹੇ।

–ਦਸਦੇ ਨੇ ਨਵ–ਉਸਾਰੀ ਦੀ ਬਣੀ ਹੈ ਯੋਜਨਾ
ਘਰ ਘਟਾਏ ਜਾਣਗੇ, ਮਰਘਟ ਵਧਾਏ ਜਾਣਗੇ।
ਲ਼ੋਚਦੇ ਜੋ ਗੱਭਰੂ ਕਿ ਆਉਣਗੇ ਸ਼ਗਨਾਂ ਦੇ ਦਿਨ,
ਕਾਤਲਾਂ ਦੀ ਫੌਜ ਵਿਚ ਭਰਤੀ ਕਰਾਏ ਜਾਣਗੇ।

ਹੁੰਦਲ ਨੇ ਨਿੱਜੀ ਪਿਆਰਾਂ ਦੇ ਗੀਤ ਨਹੀਂ ਗਾਏ। ਹਾਂ ਉਹ ਆਪਣੇ ਜੀਵਨ ਦੇ ਹਾਦਸਿਆਂ ਦੇ ਪ੍ਰਭਾਵਾਂ ਨੂੰ ਅਵੱਸ਼ ਉਲੀਕਦਾ ਹੈ। ਉਹ ਸੰਸਾਰ ਦੀਆਂ ਮਹਾਨ ਸ਼ਖ਼ਸੀਅਤਾਂ ਨੂੰ ਤੇ ਮਹਾਨ ਘਟਨਾਵਾਂ ਨੂੰ ਆਪਣੀ ਕਵਿਤਾ ਦਾ ਹਿੱਸਾ ਬਣਾਉਂਦਾ ਹੈ। ਹੁੰਦਲ ਨੇ ਨਾਜ਼ਮ ਹਿਕਮਤ, ਮਹਿਮੂਦ ਦਰਵੇਸ਼, ਸਰਗੇਈ ਯੇਸਨਿਨ, ਬਰਤੋਲਤ ਬਰੈਖ਼ਤ, ਮਾਇਕੋਵਸਕੀ, ਪਾਬਲੋ ਨਰੂਦਾ ਆਦਿ ਦੀਆਂ ਜਗਤ ਪ੍ਰਸਿੱਧ ਰਚਨਾਵਾਂ ਦਾ ਅਨੁਵਾਦ ਕਰਕੇ ਪੰਜਾਬੀਆਂ ਦੇ ਹੱਥਾਂ ਵਿਚ ਪੁਚਾਇਆ ਹੈ। ਉਸਨੇ ਆਪਣੀਆਂ ਪੰਜਾਬੀ ਕਵਿਤਾਵਾਂ ਤੇ ਗ਼ਜ਼ਲਾਂ ਦਾ ਖ਼ੁਦ ਹੀ ਅਨੁਵਾਦ ਵੀ ਕੀਤਾ ਹੈ।(The Dicisive Moment & The Red Rose) ਉਸਨੇ ਆਪਣੇ ਨਿੱਜੀ ਮਿੱਤਰਾਂ ਨੂੰ ਮਰਸੀਏ ਰਾਹੀਂ ਯਾਦ ਕੀਤਾ ਹੈ। ਹੁੰਦਲ ਸਵੈਜੀਵਨੀਕਾਰ ਹੈ, ਸਫ਼ਰਨਾਮਾ ਲੇਖਕ ਹੈ, ਆਲੋਚਕ ਹੈ ਤੇ ਹੋਰ ਵੀ ਬਹੁਤ ਕੁਝ ਪਰ ਇਥੇ ਅਸੀਂ ਉਸਦੀ ਕਵਿਤਾ ਦੇ ਕੁਝ ਪੱਖਾਂ ਉਪਰ ਹੀ ਆਪਣੇ ਆਪ ਨੂੰ ਸੀਮਤ ਰੱਖਿਆ ਹੈ। ਇਹ ਸੰਖੇਪ ਜਿਹੀ ਚਰਚਾ ਇਹ ਜਾਨਣ ਲਈ ਕਾਫ਼ੀ ਹੈ ਕਿ ਹਰਭਜਨ ਸਿੰਘ ਹੁੰਦਲ ਸਮਕਾਲੀ ਕਵਿਤਾ ਵਿਚ ਵੱਖਰਾ ਹਸਤਾਖ਼ਰ ਹੈ। ਪੰਜਾਬੀ ਰਾਜਨੀਤਕ ਕਵਿਤਾ ਨੂੰ ਹੁੰਦਲ ਬਗ਼ੈਰ ਚਿਤਵਿਆ ਵੀ ਨਹੀਂ ਜਾ ਸਕਦਾ। ਉਸਦੀ ਸਮੁੱਚੀ ਕਵਿਤਾ ਨੂੰ ਇਕ ਜਿਲਦ ਵਿਚ ਪਾਠਕਾਂ ਸਾਹਮਣੇ ਲਿਆਉਣਾ ਆਪਣੇ ਆਪ ਵਿਚ ਬਹੁਤ ਹੀ ਮਹੱਤਵਪੂਰਣ ਕਾਰਜ ਹੈ ਜੋ ਸ਼ਾਇਦ ਪ੍ਰਤਿਬੱਧ ਕੁਕਨੁਸ ਪ੍ਰਕਾਸ਼ਨ ਹੀ ਕਰ ਸਕਦਾ ਹੈ।